ਚਾਨਣ ਕਣੀਆਂ

ਚਾਨਣ ਕਣੀਆਂ

ਕਸ਼ਮੀਰਾ ਸਿੰਘ 'ਚਮਨ'

ਨਾਨਕ ਸਿੰਘ ਪੁਸਤਕ ਮਾਲਾ ਪ੍ਰੀਤ ਨਗਰ (ਅੰਮ੍ਰਿਤਸਰ)

ਪਹਿਲੀ ਵਾਰ : ਮਈ 1975

ਪ੍ਰਕਾਸ਼ਕ :
ਕੁਲਬੀਰ ਸੂਰੀ,
ਨਾਨਕ ਸਿੰਘ ਪੁਸਤਕ ਮਾਲਾ,
ਪ੍ਰੀਤ ਨਗਰ (ਅੰਮ੍ਰਿਤਸਰ)

ਛਾਪਕ :
ਦਰਸ਼ਨ ਸਿੰਘ,
ਪ੍ਰੀਤ ਲੜੀ ਪ੍ਰੈਸ,
ਪ੍ਰੀਤ ਨਗਰ (ਅੰਮ੍ਰਿਤਸਰ)

ਮੁੱਲ : 6.50

ਸਮੱਰਪਣ

ਮਹਾਨ ਸ਼ਹੀਦਾਂ ਨੂੰ —
ਜਿਨ੍ਹਾਂ ਨੇ ਆਜ਼ਾਦੀ ਦੀ ਸ਼ਮ੍ਹਾ ਜਗਾ ਕੇ,
ਗ਼ੁਲਾਮੀ ਦੇ ਹਨੇਰੇ ਨੂੰ ਦੂਰ ਕੀਤਾ।
ਜਿਨ੍ਹਾਂ ਨੇ ਆਪਣੀ ਸ਼ਾਹਰਗ ਦਾ ਖ਼ੂਨ ਵਹਾ ਕੇ
ਆਜ਼ਾਦੀ ਦਾ ਸੌਦਾ ਕੀਤਾ।
ਅਥਵਾ
ਜਿਨ੍ਹਾਂ ਦੀ ਪਵਿੱਤਰ ਕੁਰਬਾਨੀ ਅੱਜ ਵੀ
ਚਾਨਣ ਕਣੀਆਂ ਵਰਸਾ ਰਹੀ ਹੈ।

ਕਸ਼ਮੀਰਾ ਸਿੰਘ 'ਚਮਨ'

ਇਸ ਕਲਮ ਤੋਂ

1. ਸਰਲ ਪੰਜਾਬੀ ਗੀਤ (ਗੀਤ)
2. ਜੀਵਨ ਇਕ ਸੰਘਰਸ਼ ਹੈ (ਦੇਸ-ਭਗਤਾਂ ਦੀਆਂ ਜੀਵਨ-ਕਹਾਣੀਆਂ)
3. ਕਣਕਾਂ ਰੰਗ ਵਟਾਏ (ਗੀਤ)
4. ਅੰਮ੍ਰਿਤ ਬੂੰਦਾਂ (ਰੁਬਾਈਆਂ)
5. ਗੀਤਾਂ ਦੀ ਧਰਤੀ (ਗੀਤ)
6. ਨਾਲ ਪਿਆਰੇ ਨਿਹੁੰ (ਗੀਤ)
7. ਚਾਨਣ ਕਣੀਆਂ (ਗੀਤ, ਕਵਿਤਾਵਾਂ ਤੇ ਰੁਬਾਈਆਂ)

ਛੇਤੀ ਛਪ ਰਹੀਆਂ ਹਨ

8. ਜੀਵਨ ਕਦਰਾਂ (ਗੀਤ ਅਤੇ ਕਵਿਤਾਵਾਂ)
9. ਲਹੂ ਭਰੇ ਦਰਿਆ (ਭਾਰਤ ਦੀ ਆਜ਼ਾਦੀ ਦਾ ਇਤਿਹਾਸ)

ਜੀਵਨ ਜੋਤ ਉਜਾਗਰ ਕਰ ਲੈ
ਸੌਂ ਨਾ ਤਾਣ ਕੇ ਤਣੀਆਂ
ਮੀਟੇ ਨੈਤਰ ਖੋਲ੍ਹ ਹਾਣੀਆਂ
ਵਰਸਣ ਚਾਨਣ ਕਣੀਆਂ

ਜਾਣ ਪਛਾਣ

ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਚ ਵਸ ਰਹੇ ਭਾਰਤੀ (ਖ਼ਾਸ ਕਰ ਪੰਜਾਬੀ) ਲੋਕਾਂ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇਗਾ ਜੋ ਕਸ਼ਮੀਰਾ ਸਿੰਘ 'ਚਮਨ' ਦੇ ਨਾਂ ਤੋਂ ਜਾਣੂ ਨਾ ਹੋਵੇ। ਇਸ ਨੌਜਵਾਨ ਕਵੀ ਦੇ ਦਿਲ ਵਿਚ ਆਪਣੀ ਮਾਤ ਭੂਮੀ ਲਈ ਅਥਾਹ ਪਿਆਰ ਹੈ। ਕਿਰਤੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਗ਼ਰੀਬਾਂ ਲਈ ਜਿਥੇ ਦਿਲੀ ਹਮਦਰਦੀ ਹੈ, ਉਥੇ ਸਮਾਜੀ ਲੁਟੇਰਿਆਂ ਵਢੀਖੋਰਾਂ ਅਤੇ ਚੋਰ ਬਾਜ਼ਾਰਾਂ ਲਈ ਰੱਜ ਕੇ ਨਫ਼ਰਤ ਹੈ।

ਆਪਣੇ ਪਿਆਰੇ ਵਤਨ ਤੋਂ ਹਜ਼ਾਰਾਂ ਮੀਲ ਦੀ ਵਿਥ ਉਤੇ ਹੁੰਦਿਆਂ ਵੀ ਇਸ ਕਵੀ ਦੇ ਦਿਲ ਵਿਚ ਵਤਨ ਦੇ ਕਣ ਕਣ ਲਈ ਅਦੁਤੀ ਤਾਂਘ ਹੈ। ਮਾਦਰੇ-ਵਤਨ ਦੀ ਮਿਠੀ ਯਾਦ ਅਤੇ ਉਸ ਦੇ ਜਾਇਆਂ ਦੇ ਪਵਿੱਤਰ ਪਿਆਰ ਨੂੰ 'ਚਮਨ' ਸਦਾ ਆਪਣੇ ਸੀਨੇ ਦੀ ਡੂੰਘੀ ਤਹਿ ਅੰਦਰ ਛੁਪਾਈ ਰਖਦਾ ਹੈ। ਮੈਂ ਇਸ ਨੌਜਵਾਨ ਹਰਮਨ ਪਿਆਰੇ ਕਵੀ ਨੂੰ ਪਰਿਚਿਤ ਕਰਾਉਂਦਾ ਹੋਇਆ ਫ਼ਖ਼ਰ ਅਨੁਭਵ ਕਰਦਾ ਹਾਂ।

'ਚਾਨਣ ਕਣੀਆਂ' ਦੇ ਇਸ ਲੇਖਕ ਨੂੰ ਮੈਂ ਕਾਫ਼ੀ ਲੰਮੇ ਅਰਸੇ ਤੋਂ ਜਾਣਦਾ ਹਾਂ। ਮਹਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਇਹ ਦਿਨ ਰਾਤ ਪੜ੍ਹਦਾ ਨਹੀਂ ਥੱਕਦਾ। ਚੰਗੀਆਂ ਪੁਸਤਕਾਂ ਨੂੰ ਇਹ ਚੰਗੇ ਤੇ ਸੱਚੇ ਮਿੱਤਰ ਖ਼ਿਆਲ ਕਰਦਾ ਹੈ। ਆਪਣੇ ਸਾਥੀਆਂ ਨੂੰ ਭੈੜੀਆਂ ਵਾਦੀਆਂ ਦੀ ਮਾਰ ਤੋਂ ਬਚਣ ਲਈ ਸਦਾ ਪ੍ਰੇਰਨਾ ਕਰਦਾ ਰਹਿੰਦਾ ਹੈ। ਇਥੇ ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ — ਕੁਝ ਦਿਨਾਂ ਦੀ ਗੱਲ ਹੈ ਕਸ਼ਮੀਰਾ ਸਿੰਘ 'ਚਮਨ' ਦਾ ਮੇਲ ਇਕ ਪਾਕਿਸਤਾਨੀ ਨੌਜਵਾਨ ਨਾਲ ਹੋਇਆ ਜੋ ਕੁਝ ਸਮਾਂ ਪਹਿਲਾਂ ਪਾਕਿਸਤਾਨ ਤੋਂ ਬੀ. ਏ. ਦਾ ਇਮਤਿਹਾਨ ਪਾਸ ਕਰਕੇ ਕੈਨੇਡਾ ਪੁਜਾ ਸੀ। ਇਸ ਨੌਜਵਾਨ ਦਾ ਨਾਂ ਜਾਵੇਦ ਅਖ਼ਤਰ ਚੌਧਰੀ ਹੈ। ਜਾਵੇਦ ਇਕ ਹਾਲ

ਕਮਰੇ ਅੰਦਰ ਬੈਠਾ ਹੋਇਆ ਸੀ ਉਸ ਦੀ ਮੇਜ਼ ਦੇ ਸਾਹਮਣੇ 'ਚਮਨ' ਵੀ ਕੁਰਸੀ ਮੱਲੀ ਬੈਠਾ ਸੀ। ਦੋਨੋਂ ਹੀ ਗੱਲਾਂ ਬਾਤਾਂ ਵਿਚ ਜੁਟੇ ਹੋਏ ਸਨ। ਇਸੇ ਦੌਰਾਨ ਜਾਵੇਦ ਨੇ ਜੇਬ ਵਿਚੋਂ ਸਿਗਰਟਾਂ ਦੀ ਡੱਬੀ ਕੱਢੀ ਅਤੇ ਉਸ ਵਿਚੋਂ ਇਕ ਸਿਗਰਟ ਸੁਲਗਾਈ। ਅਜੇ ਪਹਿਲਾ ਹੀ ਕਸ਼ ਲਗਾਇਆ ਸੀ ਕਿ 'ਚਮਨ' ਤੋਂ ਰਿਹਾ ਨਾ ਗਿਆ। ਦੋਨਾਂ ਦੇ ਪ੍ਰਸ਼ਨ ਉੱਤਰ ਇਸ ਪ੍ਰਕਾਰ ਸਨ। ਚਮਨ :— ਜਾਵੇਦ ! ਕੀ ਤੈਨੂੰ ਪਾਕਿਸਤਾਨ ਵਿਚ ਸਿਗਰਟ ਪੀਣ ਦੀ ਆਦਤ ਸੀ ? ਜਾਵੇਦ :— ਨਹੀਂ ਚਮਨ ਜੀ ! ਮੈਂ ਤਾਂ ਹੁਣੇ ਹੀ ਕੈਨੇਡਾ ਆਉਣ ਉਪਰੰਤ ਇਹ ਕੰਮ ਸੁਰੂ ਕੀਤਾ ਹੈ।

ਚਮਨ ਨੇ ਫਿਰ ਪ੍ਰਸ਼ਨ ਕੀਤਾ :— ਕੀ ਤੁਹਾਡਾ ਅਮਾਮ ਜਾਂ ਮੌਲਵੀ ਨਮਾਜ਼ ਵੇਲੇ ਮਸਜਿਦ ਅੰਦਰ ਹੁੱਕਾ, ਸਿਗਰਟ, ਸ਼ਰਾਬ ਜਾਂ ਹੋਰ ਪ੍ਰਕਾਰ ਦੀਆਂ ਨਸ਼ੀਲੀਆਂ ਚੀਜ਼ਾਂ ਦਾ ਪ੍ਰਯੋਗ ਕਰ ਸਕਦਾ ਹੈ ? ਇਸ ਪ੍ਰਸ਼ਨ ਦਾ ਉੱਤਰ ਵੀ ਨਾਂਹ ਵਿਚ ਹੀ ਸੀ। ਜਾਵੇਦ ਦਾ ਨਾਂਹ ਵਿਚ ਉੱਤਰ ਸੁਣ ਕੇ 'ਚਮਨ' ਨੇ ਮੁੜ ਕਹਿਣਾ ਸੁਰੂ ਕੀਤਾ — ਜਾਵੇਦ ! ਜਿਸ ਚੀਜ਼ ਨੂੰ ਤੁਹਾਡਾ ਮਜ਼ਹਬ (ਧਰਮ) ਬੁਰਾ ਸਮਝਦਾ ਹੈ ਫਿਰ ਤੁਸੀਂ ਉਸ ਦਾ ਪ੍ਰਯੋਗ ਕਿਉਂ ਕਰਦੇ ਹੋ ? ਚੰਗਾ ਹੋਵੇਗਾ ਜੇ ਤੁਸੀਂ ਸਿਗਰਟ ਨੋਸ਼ੀ ਦੀ ਭੈੜੀ ਆਦਤ ਪੈਣ ਤੋਂ ਪਹਿਲਾਂ ਹੀ ਇਸ ਦਾ ਤਿਆਗ ਕਰ ਦਿਓ। 'ਚਮਨ' ਦੇ ਮਿਠੇ ਅਤੇ ਦਲੀਲ ਭਰਪੂਰ ਵਚਨਾਂ ਦਾ ਜਾਵੇਦ ਦੇ ਦਿਲ ਉਤੇ ਗਹਿਰਾ ਅਸਰ ਹੋਇਆ ਸੋ ਉਸ ਨੇ ਸਿਗਰਟਾਂ ਦੀ ਭਰੀ ਭਰਾਈ ਡੱਬੀ ਹੱਥ ਵਿਚਲੀ ਸਿਗਰਟ ਸਮੇਤ ਤੋੜ ਮਰੋੜ ਕੇ ਲਾਗੇ ਪਏ ਗਾਰਬੇਜ਼ ਡਰੱਮ ਵਿਚ ਸੁੱਟ ਦਿੱਤੀ ਅਤੇ ਕਿਹਾ ਕਿ ਮੈਂ ਕਦੇ ਵੀ ਭੁੱਲ ਕੇ ਇਸ ਨੂੰ ਮੂੰਹ ਨਹੀਂ ਲਾਵਾਂਗਾ। ਚਮਨ ਦੀਆਂ ਰਚਨਾਵਾਂ ਵਿਚੋਂ ਵੀ ਥਾਂ ਥਾਂ ਮਨੁੱਖ ਨੂੰ ਬੁਰਾਈਆਂ ਤੋਂ ਬਚਣ ਲਈ ਪ੍ਰੇਰਨਾ ਮਿਲਦੀ ਹੈ। ਜਿਵੇਂ ਇਕ ਥਾਂ ਉਹ ਲਿਖਦਾ ਹੈ :—

"ਪੀਂਦੇ ਹਨ ਜੋ ਸਿਗਰਟ ਸ਼ਰਾਬਾਂ ਕਦੀ ਸੁਖੀ ਨਾ ਰਹਿੰਦੇ।
ਕੈਂਸਰ ਦਮੇਂ ਦੇ ਰੋਗੀ ਬਣ ਕੇ ਆਖਰ ਦੁਖੜੇ ਸਹਿੰਦੇ।"

'ਚਮਨ' ਦਲੀਲ, ਪਿਆਰ, ਅਤੇ ਜ਼ਬਾਨ ਦੀ ਮਿਠਾਸ ਨਾਲ ਦੂਜੇ ਦਾ ਮਨ ਮੋਹ ਲੈਂਦਾ ਹੈ। ਜ਼ਾਤ-ਪਾਤ ਤੋਂ ਉੱਚਾ ਉੱਠ ਕੇ 'ਏਕੁ ਪਿਤਾ ਏਕਸੁ ਕੇ ਹਮ ਬਾਰਕ' ਤਥਾ "ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ ॥" ਆਦਿ ਮਹਾਂ ਵਾਕਾਂ ਨੂੰ ਆਪਣੇ ਜੀਵਨ ਦੇ ਸਾਂਚੇ ਵਿਚ ਢਾਲਣ ਦਾ

ਸਦਾ ਜਤਨ ਕਰਦਾ ਆ ਰਿਹਾ ਹੈ। ਇਸ ਦੇ ਦਿਲ ਅੰਦਰ ਭਾਰਤ ਵਰਸ਼ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਜੁਝਾਰ ਸ਼ਹੀਦਾਂ ਲਈ ਅਥਾਹ ਪਿਆਰ ਅਤੇ ਸਤਿਕਾਰ ਹੈ। ਹੱਥਲੀ ਪੁਸਤਕ ਪੜ੍ਹ ਕੇ ਪਾਠਕ ਖ਼ੁਦ ਹੀ ਇਸ ਸਚਾਈ ਨੂੰ ਅਜ਼ਮਾ ਸਕਦੇ ਹਨ।

ਚਾਨਣ ਕਣੀਆਂ ਤੋਂ ਪਹਿਲਾਂ ਇਹ ਕਵੀ ਲਗਪਗ ਅਧੀ ਦਰਜਨ ਮਹਿਕਾਂ ਭਰੇ ਗੁਲਦਸਤੇ (ਪੁਸਤਕਾਂ) ਪੰਜਾਬੀ ਮਾਂ-ਬੋਲੀ ਦੀ ਝੋਲੀ ਪਾ ਚੁਕਾ ਹੈ। ਮੈਨੂੰ ਵੀ ਇਸ ਦੀਆਂ ਕੁਝ ਇਕ ਕਾਵਿ ਕਿਰਤਾਂ ਪੜ੍ਹਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਹਰ ਗੁਲਦਸਤੇ ਵਿਚ ਜੜੇ ਫੁਲਾਂ ਦੀ ਮਹਿਕ ਨਿਰਾਲੀ ਹੈ।

ਭਾਰਤ ਦੀ ਜੰਗਿ ਆਜ਼ਾਦੀ ਅੰਦਰ ਲੱਖਾਂ ਮਾਵਾਂ ਦੇ ਹੀਰੇ, ਲੱਖ ਭੈਣਾਂ ਦੇ ਵੀਰ ਅਤੇ ਲੱਖਾਂ ਚੂੜੇ ਵਾਲੀਆਂ ਦੇਵੀਆਂ ਦੇ ਸਿਰਤਾਜ ਆਪਣੀਆਂ ਮੱਖਣਾਂ ਪਲੀਆਂ ਜਵਾਨੀਆਂ ਖਿੜੇ ਮੱਥੇ ਕੁਰਬਾਨ ਕਰ ਗਏ। ਇਨ੍ਹਾਂ ਮਹਾਨ ਸ਼ਹੀਦਾਂ ਵਿਚੋਂ ਅਜੇ ਤੀਕ ਅਨੇਕਾਂ ਐਸੇ ਵੀ ਸ਼ਹੀਦ ਹਨ ਜਿਨ੍ਹਾਂ ਦੇ ਜੀਵਨ ਅਤੇ ਕੁਰਬਾਨੀ ਬਾਰੇ ਭਾਰਤੀ ਲੋਕਾਂ ਨੂੰ ਉੱਕਾ ਹੀ ਪਤਾ ਨਹੀਂ। ਕਸ਼ਮੀਰਾ ਸਿੰਘ 'ਚਮਨ' ਨੇ ਅਜਿਹੇ ਅਲੋਪ ਸ਼ਹੀਦਾਂ ਵਿਚੋਂ ਕੁਝ ਇਕ ਦੇ ਕੁਰਬਾਨੀਆਂ ਭਰੇ ਜੀਵਨ ਨੂੰ ਕਵਿਤਾ ਰੂਪ ਦੇ ਕੇ ਜਨਤਾ ਦੇ ਦਰਬਾਰ ਵਿਚ ਪੇਸ਼ ਕਰਨ ਦਾ ਸ਼ਲਾਘਾ-ਯੋਗ ਉਦਮ ਕੀਤਾ ਹੈ।

ਕਸ਼ਮੀਰਾ ਸਿੰਘ ਚਮਨ ਨੂੰ ਮੰਦਰ, ਗੁਰਦਵਾਰੇ ਅਤੇ ਮਸਜਿਦਾਂ ਇਕੋ ਜਹੇ ਹੀ ਪਿਆਰੇ ਹਨ। ਮਨੁਖਤਾ ਦਾ ਹਾਮੀ ਹੋਣ ਦੇ ਨਾਤੇ ਗੀਤਾ ਅਤੇ ਕੁਰਾਨ ਦਾ ਸਤਿਕਾਰ ਵੀ ਇਸ ਦੇ ਦਿਲ ਵਿਚ ਘਟ ਨਹੀਂ। ਸੰਨ 1947 ਦੀ ਖ਼ੂਨੀ ਝਾਕੀ ਦਾ ਨਕਸ਼ਾ ਉਲੀਕਦਾ ਹੋਇਆ ਇਕ ਥਾਂ ਲਿਖਦਾ ਹੈ :—

ਮੰਦਰ ਗੁਰੂ ਦੁਆਰਿਆਂ ਨੂੰ ਕੀਤਾ ਢੇਰੀ।
ਮਸਜਿਦਾਂ ਦੀ ਇੱਟ ਇੱਟ ਧਰਤੀ ਤੇ ਕੇਰੀ।
ਗੁਰੂ ਗ੍ਰੰਥ ਕੁਰਾਨ ਤੇ ਗੀਤਾ ਦੇ ਵਾਰਸ,
ਰਾਖਸ਼ ਬਣ ਕੇ ਪਾ ਰਹੇ ਸਨ ਥਾਂ ਥਾਂ ਫੇਰੀ।

(ਚਾਨਣ ਕਣੀਆਂ)

ਕਵੀ ਆਪਣੀ ਲਿਖਤ ਰਾਹੀਂ ਥਾਂ ਥਾਂ ਬੰਦੇ ਨੂੰ ਚੰਗੇ ਕੰਮਾਂ ਵਲ ਪ੍ਰੇਰਨ

ਦਾ ਸੁਚੱਜਾ ਜਤਨ ਕਰਦਾ ਆ ਰਿਹਾ ਹੈ। ਆਪਣੀ ਪੁਸਤਕ 'ਅੰਮ੍ਰਿਤ ਬੂੰਦਾਂ' ਅੰਦਰ ਉਹ ਲਿਖਦਾ ਹੈ :—

ਆਬ ਹਯਾਤੀ ਜਮ ਜਮ ਪੀ ਤੂੰ, ਮੌਤ ਲਿਹਾਜ਼ ਨਾ ਕਰਦੀ।
ਸਦਾ ਜੀਉਣ ਦੀ ਲਾਲਸਾ ਤੇਰੀ, ਕਦੀ ਨਾ ਬੰਦਿਆ ਮਰਦੀ।
ਅੰਤ ਕਾਲ ਤੇਰਾ ਕੋਈ ਨਾ ਬੇਲੀ, ਨਾ ਕੋਈ ਸੰਗੀ ਸਾਥੀ,
ਚਮਨ ਚੰਗੇਰੇ ਕਰਮਾਂ ਦੇ ਬਿਨ, ਕਿਸੇ ਨਾ ਹੋਣਾ ਦਰਦੀ।

(ਅੰਮ੍ਰਿਤ ਬੂੰਦਾਂ ਪੰਨਾ 67)

ਕੈਨੇਡਾ ਵਿਚ ਵਸ ਰਹੇ ਭਾਰਤੀ ਲੋਕਾਂ ਨੂੰ ਉਨ੍ਹਾਂ ਦੇ ਅਸਲੀ ਫ਼ਰਜ਼ ਦਾ ਚੇਤਾ ਕਰਾਉਂਦਾ ਹੋਇਆ ਲਿਖ ਤਾ ਹੈ :—

ਮਿੱਲ੍ਹਾਂ ਦਿਆਂ ਫੱਟਿਆਂ ਨੇ ਲਹੂ ਤੇਰਾ ਚੂਸ ਲੈਣਾ ਫੇਰ ਦੱਸ ਮੁਖ ਕੀ ਦਖਾਏਂਗਾ।
ਡਾਲਰਾਂ ਦੀ ਅੱਗ ਵਿਚ ਸੜ ਜਾਊ ਜਵਾਨੀ ਤੇਰੀ ਫੇਰ ਚੰਨਾ ਬੈਠ ਪਛਤਾਏਂਗਾ।
'ਚਮਨ' ਬਹਾਰ ਲੁਟ ਜਾਏ ਨਾ ਜਵਾਨੀ ਤੇਰੀ, ਭਾਰਤੀ ਅਰਸ਼ ਦਿਆ ਤਾਰਿਆ...

(ਕਣਕਾਂ ਰੰਗ ਵਟਾਏ ਪੰਨਾ 76)

ਕਵੀ ਹਨੇਰਿਆਂ ਨੂੰ ਚਾਨਣ ਵੰਡਣ ਦੀ ਜੁਰੱਅਤ ਕਰਦਾ ਹੋਇਆ ਇਕ ਰੁਬਾਈ ਅੰਦਰ ਲਿਖਦਾ ਹੈ :—

ਜਹਾਲਤ ਦੇ ਹਨੇਰੇ ਨੂੰ ਖੰਡਣਾ ਮੇਰਾ ਧਰਮ ਹੈ।
ਮਨੁਖਤਾ ਨੂੰ ਏਕਤਾ ਵਿਚ ਗੰਢਣਾ ਮੇਰਾ ਧਰਮ ਹੈ।
ਗੁਮਰਾਹੀਆਂ ਨੂੰ ਜ਼ਿੰਦਗੀ ਦਾ ਅਸਲ ਪੰਧ ਵਖਾ ਕੇ,
ਹਨੇਰਿਆਂ ਨੂੰ ਚਾਨਣ ਵੰਡਣਾ ਮੇਰਾ ਧਰਮ ਹੈ।

(ਅੰਮ੍ਰਿਤ ਬੂੰਦਾਂ ਪੰਨਾ 156)

ਕਸ਼ਮੀਰਾ ਸਿੰਘ 'ਚਮਨ' ਜਿਥੇ ਕਲਮ ਦਾ ਧੰਨੀ ਹੈ ਉਥੇ ਕਲਾ ਨਾਲ ਵੀ ਅਥਾਹ ਪਿਆਰ ਰਖਦਾ ਹੈ। ਇਸ ਦੇ ਘਰ ਦੀ ਬੈਠਕ ਮੇਰੇ ਕਥਨ ਦੀ ਹਾਮੀ ਭਰਦੀ ਹੈ, ਜਿਥੇ ਇਸ ਦੇ ਹੱਥਾਂ ਦੀਆਂ ਤੇਲ ਰੰਗਾਂ ਵਿਚ ਤਿਆਰ ਕੀਤੀਆਂ ਹੋਈਆਂ ਵੱਡੇ ਆਕਾਰ ਵਿਚ ਲਗ ਪਗ ਇਕ ਦਰਜਨ ਤਸਵੀਰਾਂ ਸ਼ੋਭ ਰਹੀਆਂ ਹਨ। ਸਾਹਿਤ ਅਤੇ ਕਲਾ ਤੋਂ ਇਲਾਵਾ ਸੰਗੀਤ ਨਾਲ ਵੀ

ਇਸ ਨੂੰ ਡਾਢੀ ਦਿਲਚਸਪੀ ਹੈ। ਆਪਣੇ ਲਿਖੇ ਗੀਤਾਂ ਨੂੰ ਹਾਰਮੋਨੀਅਮ ਰਾਹੀਂ ਸਟੇਜਾਂ ਉਤੇ ਪੇਸ਼ ਕਰਨਾ ਆਪਣਾ ਸੁਭਾਗ ਸਮਝਦਾ ਹੈ।

ਸਿਖ ਕਲਚਰਲ ਸੋਸਾਇਟੀ ਕੈਮਲੂਪਸ (ਕੈਨੇਡਾ) ਨੂੰ ਇਸ ਨੌਜਵਾਨ ਕਵੀ ਉਪਰ ਬੜਾ ਮਾਣ ਹੈ ਕਿਉਂਕਿ ਇਸ ਸੋਸਾਇਟੀ ਦੇ ਸਾਰੇ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਵਿਚ ਇਹ ਵੱਧ ਚੜ੍ਹ ਕੇ ਹਿਸਾ ਲੈਂਦਾ ਹੈ। ਇਸ ਦੇ ਗੀਤਾਂ ਅਤੇ ਵਿਚਾਰਾਂ ਨੂੰ ਸੁਣ ਕੇ ਕੈਨੇਡਾ ਨਿਵਾਸੀ ਜਨਤਾ ਬਹੁਤ ਪ੍ਰਭਾਵਿਤ ਹੁੰਦੀ ਹੈ।

ਅੰਤ ਵਿਚ ਮੈਂ ਲੇਖਕ ਨੂੰ ਉਸ ਦੀ ਸਫਲ ਲਿਖਤ ਤੇ ਵਧਾਈ ਦਿੰਦਾ ਹਾਂ ਅਤੇ ਆਸ ਰਖਦਾ ਹਾਂ ਕਿ ਪਾਠਕ ਇਸ ਪੁਸਤਕ ਨੂੰ ਪੜ੍ਹ ਕੇ ਲੇਖਕ ਦੀਆਂ ਕਿਰਤਾਂ ਦਾ ਯੋਗ ਮੁੱਲ ਪਾਉਣਗੇ ਅਤੇ ਇਸ ਉਭਰ ਰਹੇ ਲੇਖਕ ਦੀ ਵਧ ਚੜ੍ਹ ਕੇ ਹੌਸਲਾ ਅਫ਼ਜ਼ਾਈ ਕਰਨਗੇ।

ਜਗਪਾਲ ਸਿੰਘ ਜੌਹਲ
ਮਿਤੀ ਮਾਰਚ 3, 1975
ਸਕੱਤਰ
ਸਿੱਖ ਕਲਚਰਲ ਸੌਸਾਇਟੀ
ਕੈਮਲੂਪਸ ਬੀ. ਸੀ. ਕੈਨੇਡਾ

ਆਰੰਭਕ ਵਿਚਾਰ

ਇਸ ਯੁੱਗ ਵਿਚ ਮਾਇਆ ਦੀ ਦੌੜ ਲਗੀ ਹੋਈ ਹੈ। ਲਾਲਚੀ ਪ੍ਰਾਣੀ ਮਨੁੱਖਤਾ, ਦੇਸ਼ ਪਿਆਰ ਅਤੇ ਧਰਮ ਦੀਆਂ ਕਦਰਾਂ ਨੂੰ ਭੁਲਦਾ ਜਾ ਰਿਹਾ ਹੈ। ਧੰਨ ਦੌਲਤ ਇਕੱਤਰ ਕਰਨ ਦੀ ਰੁਚੀ ਦਿਨੋ ਦਿਨ ਵਧਦੀ ਜਾ ਰਹੀ ਹੈ। ਇਨਸਾਨ ਦਾ ਅਜਿਹਾ ਲਾਲਚ ਹੱਦਾਂ ਬੰਨੇ ਟੱਪਦਾ ਜਾ ਰਿਹਾ ਹੈ। ਇਸ ਦਲਦਲ ਵਿਚ ਫਸ ਕੇ ਇਨਸਾਨ ਆਪਣੇ ਆਚਾਰ ਨੂੰ ਹੀਣਾ ਬਣਾ ਰਿਹਾ ਹੈ — ਪਸ਼ੂ ਵਿਰਤੀ ਦਾ ਧਾਰਨੀ ਬਣਦਾ ਜਾ ਰਿਹਾ ਹੈ ਅਤੇ ਆਪਣੇ ਭਾਈਆਂ ਦਾ ਖ਼ੂਨ ਕਰਨ ਤੋਂ ਰਤੀ ਨਹੀਂ ਝਿਜਕਦਾ।

ਇਨਸਾਨੀ ਹਿਰਦਿਆਂ ਵਿਚ ਮਨੁੱਖਤਾ ਅਤੇ ਪਵਿੱਤਰ ਪਿਆਰ ਦਾ ਅੰਸ਼ ਦਿਨੋ ਦਿਨ ਅਲੋਪ ਹੁੰਦਾ ਜਾ ਰਿਹਾ ਹੈ। ਅਜਿਹੇ ਮਾਰੂ ਸਮੇਂ ਦੇ ਦੌਰ ਅੰਦਰ ਪਵਿੱਤਰ-ਮਨੁਖੀ-ਭਾਵਨਾਵਾਂ ਨੂੰ ਜਗਾਉਣਾ ਅਤੇ ਚਾਨਣ ਮੁਨਾਰਾ ਬਣ ਕੇ ਇਨਸਾਨ ਨੂੰ ਸਹੀ ਜੀਵਨ ਪੰਧ ਉਤੇ ਲਿਆਉਣਾ ਹਰ ਸਾਹਿਤਕਾਰ ਦਾ ਫ਼ਰਜ਼ ਹੈ।

ਹਰ ਇਕ ਕੌਮ ਅਤੇ ਦੇਸ਼ ਦੇ ਮਹਾਨ ਸ਼ਹੀਦ ਆਪਣਾ ਪਵਿੱਤਰ ਖ਼ੂਨ ਵਹਾ ਕੇ ਆਪਣੀ ਕੌਮ ਅਤੇ ਦੇਸ਼ ਦੇ ਵੀਰਾਨ ਚਮਨ ਨੂੰ ਸਿੰਜ ਕੇ ਉਸ ਵਿਚ ਨਿਰਾਲੀ ਬਹਾਰ ਲਿਆਉਂਦੇ ਆ ਰਹੇ ਹਨ। ਇਸ ਅਦੁਤੀ ਬਹਾਰ ਦੀ ਮਹਿਕ ਨੂੰ ਦੇਸ਼ ਦੇ ਕੋਨੇ ਕੋਨੇ ਅੰਦਰ ਬਖੇਰ ਕੇ (ਜ਼ਿੰਮੇਵਾਰੀਆਂ ਦਾ ਤਿਆਗ ਕਰਕੇ ਸੁਤੀ ਹੋਈ) ਜਨਤਾ ਦੀ ਰੂਹ ਨੂੰ ਨਸ਼ਿਆਉਣਾ ਹਰ ਸਾਹਿਤਕਾਰ ਦਾ ਫ਼ਰਜ਼ ਹੈ।

ਸੋ ਮੈਂ ਵੀ ਇਸ ਫ਼ਰਜ਼ ਨੂੰ ਪੂਰਾ ਕਰਨ ਦਾ ਦਿਲੋਂ ਜਤਨ ਕੀਤਾ ਹੈ। ਆਸ ਕਰਦਾ ਹਾਂ ਸਤਿਕਾਰ ਯੋਗ ਪਾਠਕ ਅਤੇ ਕਦਰਦਾਨ ਪ੍ਰੇਮੀ ਮੇਰੀ ਇਸ ਘਾਲਣਾ ਦਾ ਯੋਗ ਮੁਲ ਪਾਉਣਗੇ।

ਤੁਹਾਡਾ ਆਪਣਾ

ਮਾਰਚ 15, 1975 ਕਸ਼ਮੀਰਾ ਸਿੰਘ 'ਚਮਨ' ਕੋਟ ਫਤੂਹੀ ਵਾਲਾ

ਕੈਮਲੂਪਸ ਬੀ. ਸੀ. ਕੈਨੇਡਾ

ਪਾਠਕਾਂ ਨਾਲ ਦੋ ਗੱਲਾਂ

ਮਾਸਟਰ ਕਸ਼ਮੀਰਾ ਸਿੰਘ 'ਚਮਨ' ਪੰਜਾਬ ਦੇ ਉਨ੍ਹਾਂ ਕਵੀਆਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਦੇਸ਼ ਕੌਮ ਅਤੇ ਮਾਂ-ਬੋਲੀ ਨਾਲ ਹਦੋਂ ਵਧ ਪਿਆਰ ਹੈ। ਇਸ ਨੇ ਸੋਲ੍ਹਾਂ ਸਾਲ ਤੋਂ ਕੁਝ ਵਧ ਸਮਾਂ ਪੰਜਾਬ ਦੇ ਵਡੇ ਵਡੇ ਸ਼ਹਿਰਾਂ ਅਤੇ ਕਸਬਿਆਂ ਦੇ ਟੀਚਰਜ਼ ਟਰੇਨਿੰਗ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਅੰਦਰ ਰਹਿ ਕੇ ਦੇਸ ਦੀ ਸੇਵਾ ਹਿੱਤ ਗੁਜ਼ਾਰਿਆ ਹੈ। ਸੰਨ 1971 ਵਿਚ ਆਪਣੇ ਪਰਵਾਰ ਨੂੰ ਲੈ ਕੇ ਇਹ ਕੈਨੇਡਾ ਆ ਗਿਆ ਤੇ ਇਸ ਨਵੀਂ ਧਰਤੀ ਨੂੰ ਆਪਣਾ ਵਸੇਰਾ ਬਣਾ ਲਿਆ।

ਸਾਹਿਤਕਾਰੀ ਦੇ ਨਾਲ ਨਾਲ ਇਸੇ ਨੂੰ ਕਲਾਕਾਰੀ ਦਾ ਵੀ ਬੜਾ ਸ਼ੌਕ ਹੈ। ਪ੍ਰਮਾਤਮਾ ਨੇ ਇਸ ਨੂੰ ਸੁਰੀਲਾ ਗਲਾ ਵੀ ਬਖ਼ਸ਼ਿਆ ਹੈ। ਇਸੇ ਕਰਕੇ ਇਸ ਨੂੰ ਸੰਗੀਤਕਾਰੀ ਦਾ ਵੀ ਹਦੋਂ ਵਧ ਸ਼ੌਕ ਹੈ।

ਲਿਖਣ ਲਈ ਤਾਂ ਬਹੁਤ ਕੁਝ ਲਿਖਿਆ ਜਾ ਸਕਦਾ ਹੈ ਪਰ ਇਥੇ ਕੇਵਲ ਮੈਂ ਹੱਥਲੀ ਪੁਸਤਕ ਸੰਬੰਧੀ ਹੀ ਆਪਣੇ ਵਿਚਾਰ ਸਾਂਝੇ ਕਰਦਾ ਹੋਇਆ ਬੜੇ ਫ਼ਖ਼ਰ ਨਾਲ ਕਹਾਂਗਾ ਕਿ ਕਸ਼ਮੀਰਾ ਸਿੰਘ 'ਚਮਨ' ਨੇ ਭੁੱਲੇ ਵਿਸਰੇ ਸ਼ਹੀਦਾਂ ਦੀਆਂ ਜੀਵਨੀਆਂ ਨੂੰ ਕਵਿਤਾ ਦਾ ਰੂਪ ਦੇ ਕੇ ਬਹੁਤ ਹੀ ਸ਼ਲਾਘਾ-ਯੋਗ ਕੰਮ ਕੀਤਾ ਹੈ। ਇਸ ਪੁਸਤਕ ਵਿਚ ਛਪੇ ਦੇਸ਼-ਭਗਤਾਂ ਦੇ ਕਾਰਨਾਮੇ ਅਤੇ ਹੋਰ ਦੇਸ਼-ਪਿਆਰ ਨਾਲ ਭਰਪੂਰ ਰਚਨਾਵਾਂ ਪੜ੍ਹ ਕੇ ਹਰ ਪੰਜਾਬੀ ਦਾ ਹਿਰਦਾ ਜ਼ਰੂਰ ਟੁੰਬਿਆ ਜਾਵੇਗਾ। ਦੇਸ ਅਤੇ ਪਰਦੇਸ ਵਿਚ ਵੱਸ ਰਹੇ ਭਾਰਤੀ ਵੀਰਾਂ ਨੂੰ ਜਾਗ੍ਰਿਤ ਕਰਨ ਲਈ ਇਹ ਇਕ ਸਫਲ ਜਤਨ ਹੈ।

ਮੈਂ ਇਸ ਨੌਜਵਾਨ ਕਵੀ ਤੋਂ ਹੋਰ ਵੀ ਚੰਗੀਆਂ ਰਚਨਾਵਾਂ ਦੀ ਆਸ

ਰਖਦਾ ਹਾਂ । ਚਾਨਣ ਕਣੀਆਂ ਦੇ ਇਸ ਲੇਖਕ ਨੂੰ ਉਸ ਦੀ ਸਫਲ ਕਿਰਤ ਉਤੇ ਹਾਰਦਿਕ ਵਧਾਈ ਪੇਸ਼ ਕਰਦਾ ਹਾਂ ਅਤੇ ਪਾਠਕਾਂ ਨੂੰ ਪ੍ਰੇਰਨਾ ਕਰਦਾ ਹਾਂ ਕਿ ਉਹ ਇਸ ਮਹਾਨ ਸੇਵਾ ਤੋਂ ਪੂਰਾ ਪੂਰਾ ਲਾਭ ਉਠਾਉਣ ਤੇ ਲੇਖਕ ਦੀ ਰੱਜਵੀਂ ਹੌਸਲਾ ਅਫ਼ਜ਼ਾਈ ਕਰਨ ।

ਤੁਹਾਡਾ ਸਨੇਹੀ

28 ਫ਼ਰਵਰੀ 1975

ਰਾਮ ਜੀ ਦਾਸ ਸ਼ਰਮਾ ਫ਼ੀਰੋਜ਼ਪੁਰੀ
ਕੈਮਲੂਪਸ, ਬੀ.ਸੀ., ਕੈਨੇਡਾ

'ਚਮਨ' ਜੀ ਦਾ ਕਦਰਦਾਨ ਸਾਥੀ ਅਤੇ

ਇਕ ਅਗਾਹ ਵਧੂ ਸਾਹਿਤਕਾਰ



ਸ੍ਰ. ਹਰਭਜਨ ਸਿੰਘ 'ਲਾਟ' ਕੈਨੇਡਾ ਨਿਵਾਸੀ

ਸੰਨ 1947 ਦੀ ਇਕ ਝਲਕ

ਗਲਵੱਕੜੀਆਂ ਰੂਪ ਧਾਰਿਆ,
ਕਿਰਪਾਨਾਂ ਦਾ।
ਇਨਸਾਨਾਂ ਨੇ ਖੂਨ ਬਹਾਇਆ,
ਇਨਸਾਨਾਂ ਦਾ।
ਸੰਨ ਸੰਤਾਲੀ ਅੰਦਰ,
ਐਸਾ ਵਰਤਿਆ ਭਾਣਾ,
ਹੋਣੀ ਨੱਚੀ ਰੂਪ ਵਟਾ ਕੇ,
ਹੈਵਾਨਾਂ ਦਾ।

ਸਦੀਆਂ ਤੋਂ ਜੋ ਇਕ ਦੂਜੇ ਦੇ,
ਸਨ ਹਮਸਾਏ।
ਤੋੜ ਕੇ ਸਾਂਝਾਂ ਇਕ ਦੂਜੇ ਲਈ,
ਬਣੇ ਪਰਾਏ।
ਮੇਰੇ ਸੋਹਣੇ ਅਲਬੇਲੇ,
ਪੰਜਾਬ ਦੇ ਅੰਦਰ,
'ਚਮਨ' ਕੀ ਦੱਸਾਂ
ਜੋ ਹੋਣੀ ਨੇ ਕਹਿਰ ਕਮਾਏ।

ਵਰਤੇ ਮੇਰੇ ਦੇਸ਼ ਵਿਚ,
ਹੋਣੀ ਦੇ ਕਾਰੇ।
ਚੁਣ ਚੁਣ ਗਭਰੂ ਦੇਸ਼ ਦੇ,

ਹੋਣੀ ਨੇ ਮਾਰੇ ।
ਅੱਗ ਲਗੀ ਪੰਜਾਬ ਨੂੰ,
ਲੁੱਟ ਮੱਚੀ ਭਾਰੀ,
ਭਾਈ ਭਾਈ ਬਣ ਬਹੇ,
ਜ਼ਾਲਮ ਹਤਿਆਰੇ ।

ਐਸੀ ਚਲੀ ਦੇਸ਼ ਵਿਚ,
ਮਜ਼ਬਾਂ ਦੀ ਹਨੇਰੀ ।
ਘਰ ਘਰ ਅੰਦਰ ਫੁੱਟ ਨੇ,
ਜਦ ਪਾਈ ਫੇਰੀ ।
ਆਪੋ ਧਾਪੀ ਵੇਖ ਕੇ,
ਕੁਰਲਾਈ ਧਰਤੀ,
ਜ਼ਾਲਮ ਜ਼ੁਲਮ ਕਮਾਉਣ ਦੀ,
ਜਦ ਕਰੀ ਦਲੇਰੀ ।

ਲੱਖਾਂ ਜਿੰਦਾਂ ਤੜਫੀਆ,
ਤੜਫੇ ਲੱਖ ਹੀਰੇ ।
ਮਾਵਾਂ ਦੇ ਪੁੱਤ ਵਿਛੜੇ,
ਭੈਣਾ ਦੇ ਵੀਰੇ ।
ਲੱਖਾਂ ਚੂੜੇ ਵਾਲੀਆਂ,
ਰੋਂਦੀਆਂ ਕੁਰਲਾਈਆਂ,
ਟੁੱਟੇ ਲੱਖਾਂ ਗੱਜਰੇ,
ਭੱਜ ਗਏ ਕਲੀਰੇ ।

ਲਾਲ ਕਿਲ੍ਹੇ ਤੇ ਚੜ੍ਹ ਰਿਹਾ ਸੀ,
ਜਦੋਂ ਤਰੰਗਾ ।

ਵਹਿ ਰਹੀ ਪੰਜਾਬ ਵਿਚ ਸੀ,
ਖ਼ੂਨੀ ਗੰਗਾ ।
ਮਾਨੁਖਤਾ ਦੇ ਲਹੂ ਨਾਲ,
ਖੇਡੀ ਗਈ ਹੋਲੀ,
ਲੁਟ ਰਿਹਾ ਸੀ ਦੇਸ਼ ਨੂੰ,
ਹਰ ਚੋਰ ਲਫ਼ੰਗਾ ।

ਹੁਸਨ ਵਿਲਕਦਾ ਵੇਖ ਕੇ,
ਕੋਈ ਦਏ ਨਾ ਢਾਰਸ ।
ਰੱਬ ਜਾਣੇ ! ਕਿਉਂ ਚੁੱਪ ਸਨ
ਪੰਜਾਬ ਦੇ ਵਾਰਸ ।
ਸੋਨੇ ਰੰਗੀਆਂ ਸੂਰਤਾਂ
ਮਿੱਟੀ ਵਿਚ ਰੁਲੀਆਂ
ਕਬਰੀਂ ਸੁਤੇ ਸੂਰਮੇਂ
ਹੀਰਾਂ ਦੇ ਵਾਰਿਸ ।

ਗਰੀ ਛੁਹਾਰੇ ਖਾਦੀਆ
ਮਾਨਣ ਸੇਜਰੀਆਂ ।
ਰੂਪ ਧਾਰ ਕੇ ਮੌਤ ਯਮਾ ਨੇ
ਅੱਗੇ ਧਰੀਆਂ ।
ਮਾਰੂ ਰਾਗ ਅਲਾਪਿਆ,
ਹੋਣੀ ਨੇ ਘਰ ਘਰ,
ਖੰਡਰ ਬਣੀਆਂ ਵਸਤੀਆਂ,
ਜੋ ਰੌਣਕ ਭਰੀਆਂ ।

ਮੰਦਰ ਗੁਰੂ ਦਵਾਰਿਆਂ ਨੂੰ
ਕੀਤਾ ਢੇਰੀ।
ਮਸਜਿਦਾਂ ਦੀ ਇੱਟ ਇੱਟ,
ਧਰਤੀ ਤੇ ਕੇਰੀ।
ਗੁਰੂ ਗਰੰਥ, ਕੁਰਾਨ ਤੇ,
ਗੀਤਾ ਦੇ ਵਾਰਿਸ,
ਰਾਖ਼ਸ਼ ਬਣ ਕੇ ਪਾ ਰਹੇ ਸਨ
ਥਾਂ ਥਾਂ ਢੇਰੀ।

ਲਾਸ਼ਾਂ ਵਿੱਛੀ ਧਰਤ ਦਾ,
ਤਕ ਵੇਖ ਨਜ਼ਾਰਾ।
ਅੰਬਰ ਧਾਹਾਂ ਮਾਰੀਆਂ,
ਰੋਇਆਂ ਹਰ ਤਾਰਾ।
ਚੰਨ ਸੂਰਜ ਵੀ ਦਹਿਲ ਕੇ
ਬਦਲਾਂ ਵਿਚ ਛੁੱਪੇ,
ਮਚਿਆ ਵਿਚ ਪੰਜਾਬ ਦੇ,
ਇੰਝ ਧੰਦੂਕਾਰਾ।

ਸੰਨ ਸੰਤਾਲੀ ਭੁੱਲਦਾ ਨਹੀਂ
ਲੱਖ ਭੁਲਾਵਾਂ।
ਚੇਤੇ ਹਰਦਮ ਆਉਂਦੀਆਂ
ਦੁਖੀਆਂ ਦੀਆਂ ਆਹਾਂ।
ਲਹੂ ਭਰੇ ਦਰਿਆ ਜਦ
ਸੁਪਨੇ ਵਿਚ ਤੱਕਾਂ,
ਵਿਲ੍ਹਕਣ ਸੌਹੇਂ ਨਜ਼ਰ ਦੇ,
ਲੱਖਾਂ ਅਬਲਾਵਾਂ।

ਰੱਬਾ ਐਸੀ ਘੜੀ ਨਾ
ਜੱਗ ਉਤੇ ਆਵੇ।
ਭਾਈ ਦੀ ਰੱਤ ਨਾਲ ਨਾ
ਮੁੜ ਭਾਈ ਨਾਹਵੇ।
ਨਾਲ ਅਮਨ ਤੇ ਸ਼ਾਂਤੀ
ਸਾਰਾ ਜੱਗ ਵੱਸੇ,
ਤੜਫੇ ਨਾ ਕੋਈ ਜ਼ਿੰਦੜੀ,
ਤੇ ਨਾ ਕੁਰਲਾਵੇ।

ਸ਼ਹੀਦ ਊਧਮ ਸਿੰਘ ਦਾ ਸਾਕਾ

ਪਟਿਆਲੇ ਦੇ ਰਾਜ 'ਚ ਸੁਣਿਆ,
ਸੋਹਣਾ ਪਿੰਡ ਸੁਨਾਮ ।
ਊਧਮ ਸਿੰਘ ਨੇ ਜਿਸ ਨਗਰ ਦਾ,
ਕੀਤਾ ਰੌਸ਼ਨ ਨਾਮ ।
ਇਸ ਯੋਧੇ ਦੀ ਯੁੱਗਾ ਤੋੜੀ,
ਜਗ ਵਿਚ ਅਮਰ ਕਹਾਣੀ,
ਭਾਰਤ ਮਾਂ ਦਾ ਬੱਚਾ ਬੱਚਾ,
ਝੁਕ ਝੁਕ ਕਰੇ ਸਲਾਮ ।

ਊਧਮ ਸਿੰਘ ਦੀ ਅਮਰ ਕਹਾਣੀ,
ਜਾਣੇ ਕੁਲ ਜ਼ਮਾਨਾ ।
ਮਾਤ ਪਿਤਾ ਪਰਲੋਕ ਸਿਧਾਰੇ,
ਛੱਡ ਕੇ ਬਾਲ ਅੰਞਾਣਾ ।
ਕਰ ਕੇ ਰਹਿਮ ਕੋਈ ਲੈ ਆਇਆ,
ਇਸ ਤਾਈਂ ਅੰਮ੍ਰਿਤਸਰ,
ਜਿਸ ਅਨਾਥ ਦੇ ਕਰਮਾਂ ਵਿਚ ਸੀ,
ਲਿਖਿਆ ਅਪਾਹਜ ਖ਼ਾਨਾ ।

ਇਸ ਅਪਾਹਜ ਖ਼ਾਨੇ ਉਸ ਨੂੰ,
ਮਿਲੀ ਮਾਣ ਵਡਿਆਈ ।
ਨਾਲ ਲਗਨ ਦੇ ਊਧਮ ਸਿੰਘ ਨੇ,
ਕੀਤੀ ਖ਼ੂਬ ਪੜ੍ਹਾਈ ।

ਦੇਸ਼ ਪਿਆਰ ਦੇ ਜਜ਼ਬਿਆਂ ਉਸ ਨੂੰ,
ਐਸਾ ਸਬਕ ਪੜ੍ਹਾਇਆ,
ਜਾਗੀ ਅਣਖ ਤੇ ਖ਼ੂਨ ਖੌਲਿਆ,
ਬਣਿਆ ਵਤਨ ਸੈਦਾਈ ।

ਆਜ਼ਾਦੀ ਲਈ ਤਾਂਘ ਰਹੇ ਸਨ,
ਸੋਹਣੇ ਬੀਰ ਪੰਜਾਬੀ ।
ਵੈਸਾਖੀ ਨੂੰ ਹੋਏ ਇਕੱਤਰ,
ਲੱਖਾਂ ਫੁੱਲ ਗੁਲਾਬੀ ।
ਸੰਨ ਉੱਨੀ ਸੌ ਉੱਨੀ ਅੰਦਰ,
ਵਗੀ ਖ਼ੂਨ ਦੀ ਧਾਰਾ,
ਜਲ੍ਹਿਆ ਵਾਲੇ ਬਾਗ਼ ਦੀ ਧਰਤੀ,
ਰੰਗੀ ਗਈ ਉਨਾਬੀ ।

ਜ਼ਾਲਮ ਉਡਵਾਇਰ ਨੇ ਇਸ ਥਾਂ,
ਰੱਜ ਰੱਜ ਜ਼ੁਲਮ ਗੁਜ਼ਾਰੇ ।
ਪੰਦਰਾਂ ਸੌ ਲੋਕਾਂ ਨੂੰ ਜ਼ਖ਼ਮੀ,
ਕੀਤਾ ਇਸ ਹਤਿਆਰੇ ।
ਸੋਲਾਂ ਸੌ ਪੰਜਾਹ ਗਿਣਤੀ ਵਿਚ,
ਗੋਲੀਆਂ ਰੌਂਦ ਚਲਾ ਕੇ,
ਚਾਰ ਸੌ ਪੂਰਾ ਮਰਦ-ਇਸਤਰੀ,
ਮੌਤ ਦੇ ਘਾਟ ਉਤਾਰੇ ।

ਜਲ੍ਹਿਆਂ ਵਾਲੇ ਬਾਗ਼ 'ਚ ਵੇਖੇ,
ਤੜਪ ਰਹੇ ਨਰ ਨਾਰੀ ।
ਵੀਹ ਵਰ੍ਹਿਆਂ ਦੇ ਇਸ ਗਭਰੂ ਤੋਂ,
ਗਈ ਨਾ ਗੱਲ ਸਹਾਰੀ ।

ਵੀਰਾਂ ਦੇ ਮੈਂ ਖ਼ੂਨ ਦਾ ਬਦਲਾ,
ਨਾਲ ਖ਼ੂਨ ਦੇ ਲੈਣਾ,
ਊਧਮ ਸਿੰਘ ਨੇ ਦਿਲ ਆਪਣੇ ਵਿਚ,
ਇਹ ਗੱਲ ਪੱਕੀ ਧਾਰੀ ।

ਏਸ ਲਗਨ ਵਿਚ ਥਾਂ ਥਾਂ ਘੁੰਮ ਕੇ,
ਲਭਦਾ ਫਿਰੇ ਤਰੀਕਾ ।
ਜਰਮਨ ਅਤੇ ਜਨੇਵਾ ਘੁੰਮਿਆ,
ਰਸ਼ੀਆ ਤੇ ਅਫ਼ਰੀਕਾ ।
ਗ਼ਦਰੀ ਬਾਬੇ ਜਿਸ ਧਰਤੀ ਤੇ,
ਗੂੰਜ ਰਹੇ ਸਨ ਗੌਂਦਾਂ,
ਆਜ਼ਾਦੀ ਦਾ ਸਬਕ ਸਿਖਣ ਲਈ,
ਪਹੁੰਚਿਆ ਫਿਰ ਅਮਰੀਕਾ ।

ਵੀਹ ਵਰ੍ਹਿਆਂ ਦਾ ਲੰਬਾ ਅਰਸਾ
ਘੁੰਮ ਫਿਰ ਇੰਝ ਬਿਤਾਇਆ ।
ਸਾਲ ਇੱਕ੍ਹੀਵੇਂ, ਊਧਮ ਸਿੰਘ ਨੇ,
ਲੰਡਨ ਡੇਰਾ ਲਾਇਆ ।
ਪਰ ਸ਼ਿਕਾਰ ਨਾ ਕਾਬੂ ਆਵੇ,
ਸੋਚੇ ਪਿਆ ਸ਼ਿਕਾਰੀ,
ਬਦਲੇ ਦੀ ਅੱਗ ਭੜਕ ਭੜਕ ਕੇ,
ਭਾਂਬੜ ਖ਼ੂਬ ਮਚਾਇਆ ।

ਭਾਰਤ ਦਾ ਸਕੱਤਰ ਹੈ ਸੀ,
ਜ਼ੈੱਡ-ਲੈਂਡ ਹੰਕਾਰੀ ।

ਉਸ ਦੀ ਸਤਰ ਛਾਇਆ ਦੇ ਥੱਲੇ,
ਮੀਟਿੰਗ ਸੁਣ ਕੇ ਭਾਰੀ ।
ਓਡਵਾਇਰ ਵੀ ਇਸ ਮੀਟਿੰਗ ਵਿਚ
ਪਹੁੰਚ ਰਿਹਾ ਹੈ, ਸੁਣ ਕੇ,
*ਰਾਮ ਮੁਹੰਮਦ ਸਿੰਘ, ਆਜ਼ਾਦ ਨੇ,
ਕੀਤੀ ਝੱਟ ਤਿਆਰੀ ।

ਕੈਕਸਟਨ ਹਾਲ ਦੇ ਅੰਦਰ ਪੁੱਜਾ
ਆਪਣਾ ਭੇਸ ਵਟਾ ਕੇ ।
ਤੇਰਾਂ ਮਾਰਚ ਸੰਨ ਚਾਲੀ ਨੂੰ,
ਪਹੁੰਚਾ ਇਸ ਥਾਂ ਆ ਕੇ ।
ਆਕੜ ਵਿਚ ਅਕੜਾ ਕੇ ਗਰਦਨ,
ਉਠਿਆ ਜਦ ਉਡਵਾਇਰ,
ਸੀਨੇ ਦੇ ਵਿਚ ਵੱਜੀ ਗੋਲੀ,
ਡਿਗਿਆ ਘੁੰਮ ਘੁੰਮਾ ਕੇ ।

ਤੜਪ ਤੜਪ ਉਡਵਾਇਰ ਪਾਪੀ,
ਇਸ ਦੁਨੀਆਂ ਤੋਂ ਧਾਇਆ ।
ਊਧਮ ਸਿੰਘ ਨੇ ਸ਼ੇਰ ਵਾਂਗਰਾਂ;
-ਉੱਚੀ ਨਾਅਰਾ ਲਾਇਆ ।
ਫੜ ਲਓ ਲੰਡਨ ਵਾਸੀਓ ਮੈਨੂੰ,
ਮੈਂ ਹਾਂ ਇਸ ਦਾ ਕਾਤਲ,
ਕਰਾਂ ਨਾ ਜਾਨ ਪਿਆਰੀ ਲੋਕੋ,
ਮੈਂ ਤਾਂ ਪਰਣ ਪੁਗਾਇਆ ।

---

*ਰਾਮ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਹੇਠ ਸ਼ਹੀਦ ਊਧਮ ਸਿੰਘ ਨੇ ਆਪਣਾ ਪਾਸਪੋਰਟ ਬਣਵਾਇਆ ਹੋਇਆ ਸੀ ।

ਉੱਨੀ ਸੌ ਉੱਨੀ ਦਾ ਬਦਲਾ,
ਚਾਲੀ ਵਿਚ ਚੁਕਾਇਆ ।
ਖ਼ੂਨੀ ਉਡਵਾਇਰ ਨੂੰ ਜਾ ਕੇ,
ਲੰਡਨ ਵਿਚ ਉਡਾਇਆ ।
ਰਾਮ ਮੁਹੰਮਦ-ਸਿੰਘ ਆਜ਼ਾਦ,
ਊਧਮ ਸਿੰਘ ਦੁਲਾਰੇ,
ਦੇਸ਼ ਕੌਮ ਦੀ ਅਣਖ ਦਾ ਸਿੱਕਾ,
ਦੁਨੀਆਂ ਵਿਚ ਬਿਠਾਇਆ ।

ਧੰਨ ਸ਼ਹੀਦੀ ਤੇਰੀ,
ਮੇਰੇ ਦੇਸ਼ ਦੇ ਸੋਹਣੇ ਬਰਖੁਰਦਾਰ ।
*ਚਾਲੀ ਤੋਂ ਚੁਹੱਤਰ ਚੜ੍ਹਿਆ,
ਕੀਤਾ ਕੌਮ ਨੂੰ ਮੁੜ ਬੇਦਾਰ ।
ਜਦ ਹੱਡੀਆਂ ਦਾ ਪਿੰਜਰ ਤੇਰਾ,
ਲੰਡਨ ਤੋਂ ਸੀ ਦਿਲੀ ਪੁੱਜਾ,
ਚਮਨ ਡੋਲ੍ਹ ਕੇ ਅੱਥਰੂ, ਲੱਖਾਂ,
ਨੈਣਾਂ ਨੇ ਕੀਤਾ ਸਤਿਕਾਰ ।

---

*31 ਜੁਲਾਈ 1940 ਈਸਵੀ ਨੂੰ ਸ਼ਹੀਦ ਊਧਮ ਸਿੰਘ ਨੂੰ ਫਾਂਸੀ ਦੇ ਤਖ਼ਤੇ ਉਤੇ ਖੜਾ ਕਰਕੇ ਅੰਤਿਮ ਝੂਟਾ ਦਿਤਾ ਗਿਆ । ਪੂਰੇ 34 ਸਾਲ ਬਾਅਦ 19 ਜੁਲਾਈ 1974 ਈਸਵੀ ਨੂੰ ਇਸ ਮਹਾਨ ਸ਼ਹੀਦ ਦੀਆਂ ਅਸਤੀਆਂ ਪੰਜਾਬ ਤੇ ਭਾਰਤ ਸਰਕਾਰ ਦੇ ਉਦਮ ਦੁਆਰਾ ਦਿਲੀ ਪੁਜੀਆਂ । 2 ਅਤੇ 3 ਅਗਸਤ 1974 ਨੂੰ ਇਹ ਅਸਤੀਆਂ ਸ੍ਰੀ ਕੀਰਤਪੁਰ ਅਤੇ ਹਰਦੁਆਰ ਵਿਖੇ ਜਲ ਪਰਵਾਹ ਕੀਤੀਆਂ ਅਤੇ ਇਹਨਾਂ ਅਸਤੀਆਂ ਦਾ ਤੀਸਰਾ ਭਾਗ ਫਤਹਿ ਗੜ੍ਹ ਸਾਹਿਬ ਲਾਗੇ ਰੌਜ਼ਾ ਸ਼ਰੀਫ ਦੇ ਅਸਥਾਨ ਤੇ ਦਫ਼ਨਾਇਆ ਗਿਆ ।

ਇੰਝ ਪੰਜਾਬ ਦੇ ਹਿੰਦੂ, ਮੁਸਲਮਾਨਾਂ ਅਤੇ ਸਿਖਾਂ ਨੇ ਆਪਣੇ ਸਾਂਝੇ ਸ਼ਹੀਦ ਨੂੰ ਸਤਿਕਾਰਨ ਹਿੱਤ ਹੰਝੂ ਰੂਪੀ ਫੁੱਲ ਕੇਰੇ ।

ਇੱਕ ਸੁਨਹਿਰੀ ਯਾਦ

(ਸੁਲਤਾਨਪੁਰ ਲੋਧੀ ਤੋਂ ਅੰਮ੍ਰਿਤਸਰ ਤੱਕ)

ਮੈਂ ਸੁਣਿਆ ਤੇਰਾ ਘਰ ਨੇੜੇ ।
ਫਿਰ ਵੀ ਕਦੀ ਨਾ ਮਾਰੇਂ ਗੇੜੇ ।
ਹਾੜਾ ਆ ਮਿਲ ਵਿਛੜੇ ਯਾਰਾ,
ਛੱਡ ਦੇ ਬੀਤੇ ਝਗੜੇ ਝੇੜੇ ।

ਪਾ ਗਲਵਕੜੀ ਕੀਤਾ ਪਿਆਰ ।
ਅਜੇ ਤਾਈਂ ਨਾ ਭੁਲਿਆ ਯਾਰ !
ਮੈਂ ਨਹੀਂ ਭੁੱਲਦਾ ਬੀਤੀਆਂ ਯਾਦਾਂ,
ਬੇਸ਼ਕ ਤੂੰ ਹੁਣ ਦਏਂ ਵਿਸਾਰ ।

ਨਾ ਤੂੰ ਚਿੱਠੀ ਪੱਤਰ ਪਾਉਂਦਾ ।
ਨਾ ਤੂੰ ਸਾਡੇ ਦਰ ਘਰ ਆਉਂਦਾ ।
ਮੇਰਾ ਵੀ ਦਿਲ ਕਦੀ ਨਾ ਢਹਿੰਦਾ,
ਜੇ ਨਾ ਇਤਨਾ ਪਿਆਰ ਵਧਾਉਂਦਾ ।

ਢਹਿੰਦੇ ਦਿਲ ਨੂੰ ਧੀਰ ਬੰਨ੍ਹਾ ਜਾ ।
ਪਿਆਸੇ ਨੈਣਾਂ ਨੂੰ ਤ੍ਰਿਪਤਾ ਜਾ ।
ਆ ਕੇ ਪਿਆਰ ਦੀ ਪਾ ਗਲਵਕੜੀ,
ਕੱਲਰ ਰੂਹ ਸਰ ਸਬਜ਼ ਬਣਾ ਜਾ ।

ਮੈਂ ਹੁਣ ਔਖੇ ਝਟ ਲੰਘਾਵਾਂ ।
ਤੇਰੀ ਛੋਹ ਬਿਨ ਮਰਦਾ ਜਾਵਾਂ ।
ਬਹੁੜੀਂ ਮੇਰੇ ਵਿਛੜੇ ਯਾਰਾ,
ਤੈਨੂੰ ਸੀਨਾ ਚੀਰ ਵਖਾਵਾਂ ।

ਜੇ ਤੂੰ ਮੇਰੇ ਘਰ ਨਹੀਂ ਆਉਣਾ ।
ਘਲ ਦੇ ਆਪਣਾ ਪਤਾ ਠਿਕਾਣਾ ।
ਆਪਾਂ ਦੋਵੇਂ ਹਾਂ ਪਰਦੇਸੀ,
ਫਿਰ ਕਿਸ ਗੱਲ ਦਾ ਜ਼ੋਰ ਧਿਗਾਣਾ ।

ਉਹ ਬੀਤੀ ਕਰ ਯਾਦ ਕਹਾਣੀ ।
ਜਦੋਂ ਅਸਾਂ ਬਹਾਰ ਸੀ ਮਾਣੀ ।
ਇਕ ਪਵਿੱਤਰ ਧਰਤੀ ਉਤੇ,
ਕਠੇ ਹੋਏ ਸਾਂ ਕੁਝ ਹਾਣੀ ।

ਜਿਸ ਧਰਤੀ ਤੇ ਉਤਰੀ ਬਾਣੀ ।
ਉਹ ਧਰਤੀ, ਧਰਤੀ ਦੀ ਰਾਣੀ ।
ਬੇਰ ਸਾਹਿਬ ਦੇ ਲਾਗੇ ਤਕਿਆ,
ਬੇਈਂ ਨਦੀ ਵਿਚ ਵਗਦਾ ਪਾਣੀ ।

ਫਿਰ ਉਹ ਤੱਕੀ ਪਾਵਨ ਧਰਤੀ ।
ਜਿਥੇ ਖੇਡ ਨਿਰਾਲੀ ਵਰਤੀ ।
ਮੋਦੀ ਖਾਨੇ ਅੰਦਰ ਜਿਥੇ,
ਸੱਚ ਦਾ ਆਸ਼ਕ ਕੀਤਾ ਭਰਤੀ ।

ਉਸ ਧਰਤੀ ਨੂੰ ਸੀਸ ਨਿਵਾ ਕੇ ।

ਪਾਏ ਚਾਲੇ ਮਤਾ ਪਕਾ ਕੇ ।
ਰੇਲ ਛਿੱਕਾ ਛਿੱਕ ਖਿਚ ਕੇ ਲੈ ਗਈ,
ਸਾਨੂੰ ਸ਼ਰਧਾ ਵਾਨ ਬਣਾ ਕੇ ।

ਛੱਡ ਕੇ ਉਹ ਰਮਣੀਕ ਨਜ਼ਾਰਾ ।
ਮਲਿਆ ਫਿਰ ਇਕ ਹੋਰ ਦੁਆਰਾ ।
ਪੱਕੀਆਂ ਪਕਾਈਆਂ ਮਿਲਦੀਆਂ ਜਿਥੇ,
ਲਾਗੇ ਕੀਤਾ ਆਣ ਉਤਾਰਾ ।

ਪਹੁੰਚੇ ਇਸ ਥਾਂ ਰਾਤੋ ਰਾਤ ।
ਚਮਕੀ ਫਿਰ ਨਵੀਂ ਪਰਭਾਤ ।
ਸਰਧਾ ਭਿੰਨੇ ਨੈਣਾਂ ਨੇ ਤਦ,
ਮਾਰੀ ਹਰਿਮੰਦਰ ਵਲ ਝਾਤ ।

ਦੁੱਖ ਭੰਜਨ ਦੇ ਪਾਏ ਦੀਦਾਰ ।
ਪੀਤਾ ਅੰਮ੍ਰਿਤ ਠੰਡਾ ਠਾਰ ।
ਕਾਗੋਂ ਹੰਸ ਬਣੇ ਸਨ ਜਿਥੇ,
ਪਿੰਗਲੇ ਰਾਜ਼ੀ ਹੋਏ ਹਜ਼ਾਰ ।

ਸਭ ਨੇ ਹਰਿ ਘਰ ਸੀਸ ਨਿਵਾਏ ।
ਜਨਮ ਜਨਮ ਦੇ ਰੋਗ ਗਵਾਏ ।
ਇਸੇ ਤਰ੍ਹਾਂ ਤਿੰਨ ਚਾਰ ਦਿਹਾੜੇ,
ਖ਼ੁਸ਼ੀਆਂ ਚਾਵਾਂ ਵਿਚ 'ਲੰਘਾਏ ।

ਕੀਤੀ ਬਾਜ਼ਾਰਾਂ ਦੀ ਸੈਰ ।
ਘੁੰਮ ਫਿਰ ਵੇਖਿਆ ਸਾਰਾ ਸ਼ਹਿਰ ।

ਤੱਕ ਤੱਕ ਰੌਣਕ ਨੈਣ ਨਾ ਥੱਕੇ,
ਚੱਲ ਚੱਲ ਵਾਟ ਨਾ ਥੱਕੇ ਪੈਰ ।

ਦੁਨੀਆਂ ਦਾ ਨਾ ਅੰਤ ਸੀ ਉਥੇ ।
ਲੱਖਾਂ ਸਾਧੂ ਸੰਤ ਸੀ ਉਥੇ ।
'ਮਨਜੀਤੋ' 'ਜਸਵੀਰ' 'ਦੇਵਿੰਦਰ',
'ਹਰਿਮੰਦਰ' 'ਰਜਵੰਤ' ਸੀ ਉਥੇ ।

'ਰਣਜੀਤ' 'ਧਨਵੰਤ' ਸੀ ਉਥੇ ।
'ਮੋਹਿੰਦਰ' 'ਕੁਲਵੰਤ' ਸੀ ਉਥੇ ।
'ਮੇਜਰ' ਤੇ ਬਲਬੀਰ ਸੀ ਲੱਖਾਂ,
ਦਰਿਸ਼ 'ਕਸ਼ਮੀਰ' ਬੇਅੰਤ ਸੀ ਉਥੇ ।

ਦੂਜੀ ਥਾਂ ਤੇ ਰਾਤਾਂ ਚਾਰ ।
ਲਈਆਂ ਮਿੰਟਾਂ ਵਾਂਗ ਗੁਜ਼ਾਰ ।
ਥਕਦੇ ਨਹੀਂ ਸਨ ਨੈਣ ਵੈਰਾਗੇ,
ਤੱਕ ਤੱਕ ਸਵਰਗਾਂ ਭਰੀ ਬਹਾਰ ।

ਕਰਮਾਂ ਵਾਲੀਆਂ ਸਨ ਉਹ ਘੜੀਆਂ ।
ਪਈਆਂ ਸਨ ਜਦ ਗਲਵੱਕੜੀਆਂ ।
ਦੂਧ ਨਾਲ ਧੋਤੀ ਸੀਤ ਰਾਤ ਵਿਚ,
ਕਠੀਆਂ ਹੋਈਆਂ ਸਨ ਹਿੱਕੜੀਆਂ ।

ਬੀਤ ਗਈ ਜਦ ਚੌਥੀ ਰਾਤ ।
ਚੜ੍ਹੀ ਵਿਛੋੜੇ ਦੀ ਪਰਭਾਤ ।
ਫਿਰ ਇਹ ਹਾਣੀ ਕਲਾ ਦੁਆਰੇ,

ਲੈਣ ਗਏ ਇਕ ਅਮਰ ਸੁਗਾਤ ।

ਪਾ ਕੇ ਅਮਰ ਸੁਗਾਤ ਨਿਆਰੀ ।
ਪਰਤਣ ਦੀ ਫਿਰ ਕਰੀ ਤਿਆਰੀ ।
ਜਲ੍ਹਿਆਂ ਵਾਲੇ ਬਾਗ ਨੂੰ ਛੋਹ ਕੇ,
ਛਡੀ ਨਗਰੀ ਗੁਰੂ ਪਿਆਰੀ ।

ਚੜ੍ਹ ਗਏ ਗੱਡੀ ਸਭ ਹਮਜੋਲੀ ।
ਪਰਤੀ ਇੰਝ ਘਰਾਂ ਨੂੰ ਟੋਲੀ ।
ਪਾ ਗਲਵਕੜੀ ਫਿਰ ਮਿਲਾਂਗੇ,
ਆਖਣ ਸਭੇ ਮਿੱਠੀ ਬੋਲੀ ।

ਬੀਤੇ ਦੀ ਜਦ ਆਵੇ ਯਾਦ ।
ਚੁੰਮਾਂ ਮੈਂ ਅਨਮੋਲ ਸੁਗਾਤ ।
ਉਸ ਵਿਚ ਰੂਪ ਯਾਰਾਂ ਦਾ ਤੱਕਾਂ,
ਵੇਂਦਿਆਂ ਸਾਰ ਹੋਵੇ ਦਿਲ ਸ਼ਾਦ ।


ਫਿਰ ਵੀ ਯਾਰਾ ਤੇਰਾ ਪਿਆਰ ।
ਕਰਦਾ ਮੈਨੂੰ ਨਿੱਤ ਖੁਆਰ ।
ਹੁਣ ਤਾਂ ਮੁੱਦਤ ਹੋਈ ਮਿਲਿਆਂ,
ਆ ਜਾ ਬਣ ਕੇ 'ਚਮਨ' ਬਹਾਰ ।

ਚੀਫ਼ ਕੋਰਟ

ਹੁਸ਼ਿਆਰਪੁਰ ਜ਼ਿਲੇ ਦੇ ਅੰਦਰ,
ਮਾਹਲਪੁਰ ਦੇ ਥਾਣੇ ।
ਬੱਬਰ ਅਕਾਲੀ ਚੀਫ਼ ਕੋਰਟ ਨੂੰ,
ਜਾਨਣ ਲੋਕ ਸਿਆਣੇ ।
ਇਹ ਨਗਰੀ ਸੀ ਗੜ੍ਹ ਬਬਰਾਂ ਦਾ,
ਬਬਰ ਲਹਿਰ ਦੇ ਵੇਲੇ ।
ਆਉਂਦਾ ਸੀ ਜਦ ਨਾਮ ਜੀਭ ਤੇ,
ਕੰਬਦੇ ਸਨ ਜਰਵਾਣੇ ।

ਇਸ ਨਗਰੀ ਨੇ ਪੈਦਾ ਕੀਤੇ,
ਦੇਸ਼ ਭਗਤ ਅਣਖ਼ੀਲੇ ।
ਲੱਖਾ ਸਿੰਘ ਤਲੰਗੇ ਜੈਸੇ,
ਗਭਰੂ ਹੱਠ ਹਠੀਲੇ ।
ਭੁੱਲਾ ਸਿੰਘ ਤੇ ਕਰਮ ਸਿੰਘ,
ਜੋ ਮਿਟ ਗਏ ਦੇਸ਼ ਦੀ ਖ਼ਾਤਰ ।
ਲੱਖਾ ਸਿੰਘ ਤੇ ਮੁਨਸ਼ਾ ਸਿੰਘ ਜਿਹੇ,
ਬੰਕੇ ਛੈਲ ਛਬੀਲੇ ।


ਗੰਗਾ ਸਿੰਘ, ਬਿਅੰਤ ਸਿੰਘ ਤੇ,
ਰਾਜਾ ਸਿੰਘ ਜਿਹੇ ਦੂਲੇ ।
ਆਜ਼ਾਦੀ ਲਈ ਇਨ੍ਹਾਂ ਸ਼ੇਰਾਂ ਨੇ,
ਹੱਸ ਹੱਸ ਕਸ਼ਟ ਕਬੂਲੇ ।



ਦੇਸ਼ ਭਗਤ ਪੰਡਤ ਰਾਮਜੀ ਦਾਸ
(ਭਾਰਤ ਸਰਕਾਰ ਵਲੋਂ ਤਾਮਰ
ਪਤਰ ਪ੍ਰਾਪਤ ਕਰਤਾ)



ਜਥੇਦਾਰ ਪ੍ਰਤਾਪ ਸਿੰਘ



ਭਾਈ ਈਸ਼ਰ ਸਿੰਘ ਜੀ ਗੁੰਥੀ



ਭਾਈ ਮੋਹਣ ਸਿੰਘ ਜੀ ਸੰਧੂ



ਸੰਤ ਪ੍ਰੀਤਮ ਸਿੰਘ



ਭਾਈ ਬਾਵਾ ਸਿੰਘ ਢੱਲੂ



ਭਾਈ ਭੁੱਲਾ ਸਿੰਘ ਜੀ ਸ਼ਹੀਦ



ਭਾਈ ਹੁਕਮ ਸਿੰਘ ਮਿਸਤਰੀ

ਮਿਹਰ ਚੰਦ ਤੇ ਪ੍ਰਤਾਪ ਸਿੰਘ,
ਅਰ ਈਸ਼ਰ ਸਿੰਘ ਦੁਲਾਰੇ ।
ਆਜ਼ਾਦੀ ਦੇ ਰਣ ਖੇਤਰ ਵਿਚ,
ਹਸਤੀਆਂ ਵਾਂਗੋਂ ਝੂਲੇ ।

ਭਾਈ ਨਿਰੰਜਨ ਸਿੰਘ ਦੁਲਾਰਾ,
ਇਸ ਨਗਰੀ ਦਾ ਜਾਇਆ ।
ਆਜ਼ਾਦੀ ਦੀ ਖ਼ਾਤਰ ਜਿਸ ਨੇ,
ਸੀਨਾ ਚਾਕ ਕਰਾਇਆ ।
ਲਗਾ ਜਦ ਕੰਗਰੌੜ ਮੋਰਚਾ,
ਸੰਨ ਸੰਤਾਲੀ ਅੰਦਰ ।
ਇਸ ਗੱਭਰੂ ਨੇ ਪਾਈ ਸ਼ਹਾਦਤ,
ਦੇਸ਼ ਦਾ ਮਾਣ ਵਧਾਇਆ ।

ਮੋਹਣ ਸਿੰਘ ਤੇ ਹੁਕਮ ਸਿੰਘ,
ਅਰ ਬਾਵਾ ਸਿੰਘ ਦਲੇਰਾਂ ।
ਆਜ਼ਾਦੀ ਦੇ ਦੰਗਲ ਅੰਦਰ,
ਹੱਥ ਵਖਾਏ ਸ਼ੇਰਾਂ ।
ਸੰਤਾ ਸਿੰਘ ਤੇ ਸੁੰਦਰ ਸਿੰਘ ਨੇ,
ਆਪਣਾ ਹਿੱਸਾ ਪਾਇਆ ।
ਲਾਲਾ ਓਮ ਪ੍ਰਕਾਸ਼ ਜਿਹਾ ਵੀ,
ਦਸੇ ਜੌਹਰ ਇਕੇਰਾਂ ।

ਜੁਆਲਾ ਸਿੰਘ ਢਿਲੋਂ ਨੇ ਕੀਤੀ,
ਹਦੋਂ ਵਧ ਕੁਰਬਾਨੀ ।

ਦੇਸ਼ ਹਵਾਲੇ ਕੀਤੀ ਸੀ,
ਹਰਦਿੱਤ ਸਿੰਘ ਖ਼ੁਦ ਜਵਾਨੀ ।
ਹੋਰ ਵੀ ਹੋਏ ਅਨੇਕਾਂ ਯੋਧੇ,
ਇਸ ਨਗਰੀ ਵਿਚ ਪੈਦਾ ।
ਦੇਸ਼ ਕੌਮ ਨੂੰ ਅਰਪਣ ਕਰ ਗਏ,
ਜੋ ਆਪਣੀ ਜ਼ਿੰਦਗਾਨੀ ।

ਸੰਤ ਪ੍ਰੀਤਮ ਸਿੰਘ ਵਾਸੀ ਹਨ,
ਇਸ ਨਗਰੀ ਦੇ ਪਿਆਰੇ ।
ਜਿਨ੍ਹਾਂ ਨੂੰ ਸੁਟਿਆ ਹਵਾਲਾਤ ਵਿਚ,
ਫੜ ਜ਼ਾਲਮ ਹਤਿਆਰੇ ।
ਆਜ਼ਾਦੀ ਦੇ ਧਰਮ ਯੁੱਧ ਵਿਚ,
ਸ਼ੇਰਾਂ ਵਾਂਗੋਂ ਕੁੱਦ ਕੇ ।
ਗੋਰਾ ਸ਼ਾਹੀ ਤਾਈਂ ਦੱਸੇ,
ਕਰ ਕੇ ਹੱਥ ਕਰਾਰੇ ।

ਕੋਟ ਛਤ੍ਹਹੀ ਤਾਈਂ ਲੋਕੀਂ,
ਚੀਫ ਕੋਰਟ ਹਨ ਕਹਿੰਦੇ ।
ਆਜ਼ਾਦੀ ਦੇ ਪਰਵਾਨੇ ਹਨ,
ਇਸ ਨਗਰੀ ਵਿਚ ਰਹਿੰਦੇ ।
ਗੱਦਾਰਾਂ ਨੂੰ ਸੋਧਣ ਖ਼ਾਤਰ,
ਹੁਕਮ ਸੀ ਇਥੋਂ ਚਲਦੇ ।
ਬੱਬਰ ਸ਼ੇਰ ਜਦ ਲਾ ਕਚਹਿਰੀ,
ਜੱਜ ਬਣ ਕੇ ਸਨ ਬਹਿੰਦੇ ।

ਕੀ ਕੀ ਦੱਸਾਂ ਦੇਸ਼ ਦੀ ਖ਼ਾਤਰ,
ਜੋ ਉਪਕਾਰ ਕਮਾਏ ।
ਇਸ ਨਗਰੀ ਦੇ ਅਣਖੀ ਜਾਇਆਂ,
ਜੋ ਜੋ ਕਸ਼ਟ ਉਠਾਏ ।
ਦੇਸ਼ ਦੀ ਖ਼ਾਤਰ ਜਾਇਦਾਦਾਂ,
ਹੱਸ ਹੱਸ ਕੁਰਕ ਕਰਾਈਆਂ ।
ਵਰਿਆਮ ਸਿੰਘ ਜਿਹੇ ਮਿਟ ਗਏ ਜਿਲ੍ਹੀਂ
ਇਸ ਨਗਰੀ ਦੇ ਜਾਏ ।

ਕੋਟ ਫਤੂਹੀ ਨਗਰੀ ਅੰਦਰ,
ਯਾਦ ਬਣੀ ਹੈ ਭਾਰੀ ।
ਆਲੀਸ਼ਾਨ ਇਮਾਰਤ ਹੈ ਜੋ,
ਬਬਰਾਂ ਲਈ ਉਸਾਰੀ ।
ਦੇਸ਼ ਭਗਤ ਤੇ ਬਬਰ ਅਕਾਲੀ,
ਨਾਮ ਜਿਨ੍ਹਾਂ ਦਾ ਰੌਸ਼ਨ ।
ਉਨ੍ਹਾਂ ਦੀ ਇਹ ਹੈ ਅਮਰ ਨਿਸ਼ਾਨੀ,
ਵੇਖੇ ਦੁਨੀਆਂ ਸਾਰੀ ।

ਆਓ ਭਾਰਤ ਵਾਸੀ ਵੀਰੋ,
ਸਭ 'ਕੱਠੇ ਹੋ ਜਾਈਏ ।
ਦੇਸ਼ ਭਗਤ ਸ਼ਹੀਦਾਂ ਦੀਆਂ,
ਯਾਦਾਂ ਸਦਾ ਮਨਾਈਏ ।
ਕਰ ਗਏ ਜੋ ਕੁਰਬਾਨੀ ਹੱਸ ਹੱਸ,
ਭਾਰਤ ਮਾਂ ਦੀ ਖ਼ਾਤਰ ।
ਉਸ ਕੁਰਬਾਨੀ ਦੇ ਝੰਡੇ ਨੂੰ,
ਅਰਸ਼ਾਂ ਵਿਚ ਲਹਿਰਾਈਏ ।

ਜੋ ਆਜ਼ਾਦੀ ਮਿਲੀ ਅਸਾਨੂੰ,
ਲੱਖਾਂ ਖ਼ੂਨ ਵਹਾ ਕੇ।
ਜੋ ਆਜ਼ਾਦੀ ਮਿਲੀ ਅਸਾਨੂੰ,
ਸਿਰਾਂ ਦੀ ਭੇਟ ਚੜ੍ਹਾ ਕੇ।
ਇਸ ਨੂੰ ਸਾਂਭਣ ਖ਼ਾਤਰ ਵੀਰੋ,
ਆਪਣਾ ਫ਼ਰਜ਼ ਪਛਾਣੋ।
ਮਾਨੁੱਖਤਾ ਦੇ ਵੈਰੀਆਂ ਤਾਈਂ,
ਕਢੋ ਮਾਰ ਭਜਾ ਕੇ।

ਪਿਆਰ ਨੂੰ ਪ੍ਰਣਾਮ

ਮੇਰਾ ਪਿਆਰ ਪਵਿੱਤਰ ਤੇ ਨਿਸ਼ਕਾਮ ਹੈ ।
ਲੱਖ ਵਾਰੀ ਇਸ ਤਾਈਂ ਪ੍ਰਣਾਮ ਹੈ ।
ਸਜਦਿਆਂ ਦੀ ਮਗਨਤਾ ਵਿਚ ਐ 'ਚਮਨ' !
ਮੈਂ ਨਾ ਜਾਣਾ ਸੁਬਾਹ ਹੈ ਕਿ ਸ਼ਾਮ ਹੈ ।

ਮੈਂ ਤੋਂ ਤੂੰ

ਹੱਸਣ ਦੀ ਥਾਂ ਰੋਣਾ ਚਾਹਾਂ ।
ਦਿਲ ਦਾ ਸ਼ੀਸ਼ਾ ਧੋਣਾ ਚਾਹਾਂ ।
ਆਪੇ ਨੂੰ ਬਦਲਾ ਕੇ ਅੜੀਏ,
ਰੂਪ ਤੇਰਾ ਮੈਂ ਹੋਣਾ ਚਾਹਾਂ ।

ਭਾਰਤੀ ਸਿਪਾਹੀ

ਭੁੱਖ ਨੰਗ ਕਰ ਸਕੇ ਨਾ, ਮੇਰੇ ਦੇਸ਼ ਦੀ ਤਬਾਹੀ ।
ਹੋਵਣ ਨਾ ਕਾਮੇ ਕਿਰਤੀ, ਹੁਣ ਮੌਤ ਦੀ ਗਰਾਹੀ ।
ਹਿੰਮਤ ਦੇ ਨਾਲ ਘੜਦੇ, ਤਕਦੀਰ ਜੋ ਵਤਨ ਦੀ,
ਪੈਦਾ ਅਸਾਂ ਨੇ ਕਰਨੇ ਉਹ ਭਾਰਤੀ ਸਿਪਾਹੀ ।

ਦੇਸ਼ ਦੇ ਅਪਰਾਧੀ

ਪਹਿਲਾ ਸੀ ਕਦਮ ਸਾਡਾ, ਲੈਣੀ ਅਸਾਂ ਆਜ਼ਾਦੀ ।
ਫਾਂਸੀ ਦੇ ਰੱਸੇ ਚੁੰਮ ਚੁੰਮ, ਪਾਉਣੀ ਅਸਾਂ ਉਪਾਧੀ ।
ਹਿੰਮਤ ਦੇ ਨਾਲ ਸਾਡਾ, ਉਹ ਸੁਪਨਾ ਹੋਇਆ ਪੂਰਾ,
ਇਸੇ ਤਰ੍ਹਾਂ ਮਿਟਾਉਣੇ, ਕੁਲ ਦੇਸ਼ ਦੇ ਅਪਰਾਧੀ ।

ਸਧਰਾਂ ਭਰਿਆ ਸਿਹਰਾ

ਤੇਰਾ ਸੱਧਰਾਂ ਦੇ ਨਾਲ ਸਿਹਰਾ ਕੀਤਾ ਏ ਤਿਆਰ
ਸਿਹਰੇ ਵਾਲਿਆ ਵੇ ਵੀਰਾ ਤੇਰੇ ਸਿਰ ਸੋਨੇ ਦਾ ਚੀਰਾ
ਤੇਰਾ ਸਧਰਾਂ ਦੇ ਨਾਲ ਸਿਹਰਾ ਕੀਤਾ ਏ ਤਿਆਰ।
ਚਮਕਣ ਸਿਹਰੇ ਦੇ ਵਿਚ ਤਾਰਾਂ
ਤੈਥੋਂ ਸਦਕੇ ਜਾਣ ਬਹਾਰਾਂ
ਆਈਆਂ ਪਰੀਆਂ ਬੰਨ੍ਹ ਕਤਾਰਾਂ
ਭਿੰਨੀਆਂ ਭਿੰਨੀਆਂ ਪੈਣ ਫੁਹਾਰਾਂ
ਤੇਰਾ ਸੱਧਰਾਂ ਦੇ ਨਾਲ ਸਿਹਰਾ ਕੀਤਾ ਏ ਤਿਆਰ
ਸਿਹਰੇ ਵਾਲਿਆ ਵੇ ਵੀਰਾ ਤੇਰੇ ਸਿਰ ਸੋਨੇ ਦਾ ਚੀਰਾ
ਤੇਰਾ ਸਧਰਾਂ ਦੇ ... ...

ਭੈਣਾਂ ਗੁੰਦ ਕੇ ਲਿਆਈਆਂ
ਪਰੀਆਂ ਵੇਖਣੇ ਨੂੰ ਆਈਆਂ
ਖ਼ੁਸ਼ ਹੋਣ ਭਰਜਾਈਆਂ
ਗਾਉਣ ਚਾਚੀਆਂ ਤੇ ਤਾਈਆਂ
ਤੇਰਾ ਸੱਧਰਾਂ ਦੇ ਨਾਲ ਸਿਹਰਾ ਕੀਤਾ ਏ ਤਿਆਰ
ਸਿਹਰੇ ਵਾਲਿਆ ਵੇ ਵੀਰਾ ਤੇਰੇ ਸਿਰ ਸੋਨੇ ਦਾ ਚੀਰਾ
ਤੇਰਾ ਸਧਰਾਂ ਦੇ ... ...

ਸਿਹਰੇ ਵਾਲਿਆ ਮੈਂ ਵਾਰੀ
ਤੇਰੀ ਸੂਰਤ ਪਿਆਰੀ ਪਿਆਰੀ

ਢੁੱਕੀ ਆਣ ਨਰ ਨਾਰੀ
ਚੜ੍ਹੇ ਨੈਣਾਂ ਨੂੰ ਖੁਮਾਰੀ
ਤੇਰਾ ਸੱਧਰਾਂ ਦੇ ਨਾਲ ਸਿਹਰਾ ਕੀਤਾ ਏ ਤਿਆਰ
ਸਿਹਰੇ ਵਾਲਿਆ ਵੇ ਵੀਰਾ ਤੇਰੇ ਸਿਰ ਸੋਨੇ ਦਾ ਚੀਰਾ
ਤੇਰਾ ਸਧਰਾਂ ਦੇ ... ...

ਸਿਹਰਾ ਕੁੱਲ ਦੀ ਹੈ ਸ਼ਾਨ
ਚਮਨ ਹੀਰਿਆਂ ਦੀ ਖਾਨ
ਜਿਹਨੂੰ ਵੇਖ ਕੇ ਜਹਾਨ
ਵਾਰੇ ਇਸ ਉਤੋਂ ਜਾਨ
ਤੇਰਾ ਸੱਧਰਾਂ ਦੇ ਨਾਲ ਸਿਹਰਾ ਕੀਤਾ ਏ ਤਿਆਰ
ਸਿਹਰੇ ਵਾਲਿਆ ਵੇ ਵੀਰਾ ਤੇਰੇ ਸਿਰ ਸੋਨੇ ਦਾ ਚੀਰਾ
ਤੇਰਾ ਸੱਧਰਾਂ ਦੇ ... ...

ਵਿਆਹ ਦੀਆਂ ਖ਼ੁਸ਼ੀਆਂ

ਸੋਹਣਾ ਦਿਨ ਖ਼ੁਸ਼ੀਆਂ ਦਾ ਚੜ੍ਹਿਆ ਏ ।
ਹਾਸੇ ਵੰਡਦਾ ਪਿਆ ਏ ਜੱਗ ਸਾਰਾ ।
ਸੋਹਣਾ ਦਿਨ ਖ਼ੁਸ਼ੀਆਂ ... ... ।

ਹਸਦੇ ਨੇ ਫੁੱਲ ਅਤੇ ਨੱਚਦੀਆਂ ਕਲੀਆਂ ।
ਰੌਣਕਾਂ ਦੁਫੇਰੇ ਅੱਜ ਮਹਿਕੀਆਂ ਨੇ ਗਲੀਆਂ ।
ਪਿਆ ਮਸਤੀ 'ਚ ਗਾਵੇ ਕੋਈ ਤਾਰਾ ।
ਸੋਹਣਾ ਦਿਨ ਖ਼ੁਸ਼ੀਆਂ ... ... ।

ਚਾਈਂ ਚਾਈਂ ਭੈਣਾਂ ਘੋੜੀ ਚਾੜ੍ਹਿਆ ਏ ਵੀਰ ਨੂੰ ।
ਰੱਜ ਰੱਜ ਮਾਂ ਹੱਥੀਂ ਵਾਰਿਆ ਏ ਨੀਰ ਨੂੰ ।
ਚਾਅ ਚੜ੍ਹਿਆ ਪਿਤਾ ਨੂੰ ਅੱਜ ਭਾਰਾ ।
ਸੋਹਣਾ ਦਿਨ ਖ਼ੁਸ਼ੀਆਂ ... ... ।

ਹਰ ਪਾਸੇ ਖ਼ੁਸ਼ੀਆਂ ਦਾ ਹੜ੍ਹ ਠਾਠਾਂ ਮਾਰਦਾ ।
ਚੁੰਮਿਆਂ 'ਚਮਨ' ਅੱਜ ਮੁਖੜਾ ਬਹਾਰ ਦਾ ।
ਅੱਜ ਕਣ ਕਣ ਜਾਪਦਾ ਪਿਆਰਾ ।
ਸੋਹਣਾ ਦਿਨ ਖ਼ੁਸ਼ੀਆਂ ਦਾ ਚੜ੍ਹਿਆ ਏ ।

ਓ ਸਿਹਰੇ ਵਾਲਿਆ

ਤੈਨੂੰ ਨੇ ਲੱਖ ਮੁਬਾਰਕਾਂ ਓ ਸਿਹਰੇ ਵਾਲਿਆ
ਅੱਜ ਵਰਸੀਆਂ ਨੇ ਰਹਿਮਤਾਂ ਓ ਸਿਹਰੇ ਵਾਲਿਆ
ਟੁੱਕੜਾ ਕਿਸੇ ਜਿਗਰ ਦਾ ਅੱਜ ਬਣਿਆ ਤੇਰਾ ਸਾਥੀ
ਜੀਵਨ ਦੇ ਪੰਧ ਏਸ ਨੂੰ ਸਾਥੀ ਬਣਾ ਲਿਆ ।
ਤੈਨੂੰ ਨੇ ਲੱਖ ਮੁਬਾਰਕਾਂ ... . ।

ਜੀਵਨ ਦੀ ਇਸ ਡਗਰ ਤੇ ਸੰਭਲ ਕੇ ਪੈਰ ਧਰਨਾ
ਜਿਸ ਪੰਧ ਨੂੰ ਤੂੰ ਆਪਣਾ ਰਸਤਾ ਬਣਾ ਲਿਆ ।
ਤੈਨੂੰ ਨੇ ਲੱਖ ਮੁਬਾਰਕਾਂ ... ... ।

ਪਾ ਕੇ ਬਣੀ ਸੁਭਾਗੀ ਪੱਲੇ ਜੋ ਤੈਂਡੇ ਲਾਗੀ
ਸਨਮੁੱਖ ਗੁਰਾਂ ਦੇ ਜਿਸ ਨੂੰ ਆਪਣਾ ਬਣਾ ਲਿਆ ।
ਤੈਨੂੰ ਨੇ ਲੱਖ ਮੁਬਾਰਕਾਂ .. .. ।

ਦੋ ਮੂਰਤਾਂ ਦੇ ਅੰਦਰ ਇੱਕ ਜੋਤ ਬਣ ਕੇ ਰਹਿਣਾ
ਇਹ ਫਲਸਫਾ ਗੁਰਾਂ ਨੇ ਸਾਨੂੰ ਸਖਾ ਲਿਆ ।
ਤੈਨੂੰ ਨੇ ਲੱਖ ਮੁਬਾਰਕਾਂ ... ... ।

ਕੁਝ ਫ਼ਰਜ਼ ਹਨ ਉਚੇਚੇ ਜੋ ਦੇਸ਼ ਕੌਮ ਖਾਤਰ
ਇਹ ਹੁਕਮ ਕਲਗੀਧਰ ਦਾ ਜਾਵੇ ਨਾ ਟਾਲਿਆ ।
ਤੈਨੂੰ ਨੇ ਲੱਖ ਮੁਬਾਰਕਾਂ ... ... ।

ਮਾਨੁਖਤਾ ਦਾ ਰਾਖਾ ਬਣ ਦੇਸ਼ ਦਾ ਸਿਪਾਹੀ
ਦਸਮੇਸ਼ ਕਲਗੀ ਵਾਲੇ ਕਰ ਕੇ ਵਖਾ ਲਿਆ ।
ਤੈਨੂੰ ਨੇ ਲੱਖ ਮੁਬਾਰਕਾਂ … … … … … … ।

ਤੂੰ ਬਣ 'ਚਮਨ' ਦਾ ਮਾਲੀ ਰਾਖੀ ਕਰੇਗਾ ਸਾਈਂ
ਜਿਸ ਰੱਖੀ ਉਸ ਤੇ ਡੋਰੀ ਜੀਵਨ ਹੈ ਪਾ ਲਿਆ ।
ਤੈਨੂੰ ਨੇ ਲੱਖ ਮੁਬਾਰਕਾਂ ਓ ਸਿਹਰੇ ਵਾਲਿਆ ।

ਮੇਰੀ ਰੀਝ

ਸਾਹਿਤ-ਫੁੱਲਵਾੜੀ ਦਾ ਸਾਈਆਂ, ਸੋਹਣਾ ਫੁੱਲ ਬਣ ਜਾਵਾਂ ।
ਪਸਰ ਜਾਏ ਪਿਆਰਾਂ ਦਾ ਜਾਦੂ, ਜਦ ਮੈਂ ਕਲਮ ਚਲਾਵਾਂ ।
ਇਸ ਦੁਨੀਆਂ ਦਾ ਹਰ ਇਕ ਬੰਦਾ, ਲੋਚੇ ਮਹਿਕ ਮੇਰੀ ਨੂੰ,
ਖ਼ੁਸ਼ਬੋਆਂ ਦੇ ਛੱਟੇ ਦੇਂਦਾ, ਮੈਂ ਹੱਸਦਾ ਟੁਰ ਜਾਵਾਂ ।

ਅਮਨ ਸੌਗਾਤ

ਹੇ ਦਾਤਾ ਕੁੱਲ ਦੁਨੀਆਂ ਤਾਈਂ, ਬਖ਼ਸ਼ ਅਨੋਖੀ ਦਾਤ ।
ਖ਼ੁਸ਼ੀਆਂ ਦੀ ਪ੍ਰਭਾਤ ਖਿੜੇ ਨਿੱਤ, ਮੁੱਕੇ ਗ਼ਮ ਦੀ ਰਾਤ ।
ਨਜ਼ਰ ਨਾ ਆਵਣ ਜੰਗ ਦੇ ਬੱਦਲ, ਹਰ ਕੋਈ ਸੁਖ ਪਿਆ ਮਾਣੇ,
ਹੱਸਦੀ ਵੱਸਦੀ ਦੁਨੀਆਂ ਤਾਈਂ, ਬਖ਼ਸ਼ੀਂ ਅਮਨ ਸੌਗਾਤ ।

ਵਤਨ ਦੀ ਯਾਦ

(ਗੀਤ)

ਭੁੱਲੇ ਤੇਰੀ ਯਾਦ ਨਾ ਮੇਰੇ ਦੇਸ਼ ਨਿਰਾਲੇ
ਹਰ ਦਮ ਰਹਾਂ ਚਿਤਾਰਦਾ ਤੇਰੇ ਨਦੀਆਂ ਨਾਲੇ
ਤੇਰੀ ਮਿੱਟੀ ਉਗਲੇ ਸੋਨਾ ਤੇ ਚਾਂਦੀ
ਧਰਤ ਤੇਰੀ ਹਰਿਆਵਲੀ ਹੈ ਪੈਲਾਂ ਪਾਂਦੀ
ਆਵਣ ਚੇਤੇ ਸਦਾ ਹੀ ਤੇਰੇ ਹਾੜ ਸਿਆਲੇ ।
ਭੁੱਲੇ ਤੇਰੀ ਯਾਦ ਨਾ ... ... ।

ਹਿੰਦੂ ਮੁਸਲਿਮ ਸਿੱਖ ਦੀ ਵੇਖਾਂ ਗਲਵੱਕੜੀ
ਰਹੇ ਸਦਾ ਮਨੁੱਖਤਾ ਏਕੇ ਵਿਚ ਜਕੜੀ
ਸੋਹਣ ਤੇਰੀ ਧਰਤ ਤੇ ਮਸਜਿਦਾਂ ਸ਼ਿਵਾਲੇ ।
ਭੁੱਲੇ ਤੇਰੀ ਯਾਦ ਨਾ ... ... ।

ਭਾਵੇਂ ਵਿਚ ਪ੍ਰਦੇਸ ਹਾਂ ਨਾ ਯਾਦ ਭੁਲਾਵਾਂ
ਰਹਾਂ ਸਦਾ ਸਤਿਕਾਰਦਾ ਨਿੱਤ ਸੀਸ ਝੁਕਾਵਾਂ
ਕਰ ਕਰ ਚੇਤੇ ਨੈਣ ਦੋ ਹੋਵਣ ਮਤਵਾਲੇ ।
ਭੁੱਲੇ ਤੇਰੀ ਯਾਦ ਨਾ ਮੇਰੇ ਦੇਸ਼ ਨਿਰਾਲੇ ।

ਸਵਰਗਾਂ ਦੀ ਰਾਣੀ

ਜਿਸ ਧਰਤੀ ਦਾ ਅੰਨ ਖਾਧਾ ਤੇ,
ਰੱਜ ਰੱਜ ਪੀਤਾ ਪਾਣੀ ।
ਜਿਸ ਧਰਤੀ ਦੀ ਗੋਦੀ ਅੰਦਰ,
ਮੌਜ ਕਹਿਰ ਦੀ ਮਾਣੀ ।
ਲੱਖ ਅਹਿਸਾਨਾਂ ਦੀ ਪੰਡ ਮੇਰੇ,
ਸਿਰ ਤੇ ਉਸ ਧਰਤੀ ਦੀ,
ਭਾਰਤ ਮਾਤਾ ਜਿਸ ਨੂੰ ਕਹਿੰਦੇ,
ਹੈ ਸਵਰਗਾਂ ਦੀ ਰਾਣੀ ।

ਸਿਜਦੇ ਕਰਾਂ ਹਜ਼ਾਰਾਂ

ਜਿਸ ਧਰਤੀ ਤੇ ਜਨਮ ਲਿਆ ਹੈ,
ਰਿਸ਼ੀਆਂ ਤੇ ਅਵਤਾਰਾਂ ।
ਜਿਸ ਧਰਤੀ ਦੇ ਬਾਗ਼ਾਂ ਅੰਦਰ,
ਮਹਿਕਣ ਸਦਾ ਬਹਾਰਾਂ ।
ਜਿਸ ਦੀ ਗੋਦੀ ਦਾ ਨਿੱਘ,
ਮੇਰੇ ਜੀਵਨ ਨੂੰ ਮਹਿਕਾਵੇ,
ਉਸ ਧਰਤੀ ਮਾਤਾ ਨੂੰ,
ਮੈਂ ਨਿੱਤ ਸਿਜਦੇ ਕਰਾਂ ਹਜ਼ਾਰਾਂ ।

ਕੁਦਰਤ ਦੀ ਸੁੰਦਰਤਾ

(ਗ਼ਜ਼ਲ)

ਖਿੜ ਜਾਂਦੇ ਸਭ ਫੁੱਲ ਚਮਨ ਦੇ,
ਬੁਲਬੁਲ ਨਗ਼ਮਾ ਗਾਏ ਜਦੋਂ ।
ਬਣ ਜਾਂਦਾ ਰਸ ਸ਼ਹਿਦ ਤੋਂ ਮਿਠਾ,
ਕੋਇਲ ਰਾਗ ਅਲਾਏ ਜਦੋਂ ।

ਪਿਊ ਪਿਊ ਕਰੇ ਪਪੀਹਾ,
ਵੇਖ ਕੇ ਅੰਬਰੋਂ ਪੈਣ ਫੁਹਾਰਾਂ ਨੂੰ,
ਮਸਤੀ ਅੰਦਰ ਭੌਰੇ ਨੱਚਣ,
ਕਲੀਆਂ ਘੁੰਗਟ ਚਾਏ ਜਦੋਂ ।

ਬਾਗ਼ਾ ਦੇ ਵਿਚ ਪਾਉਂਦੇ ਪੈਲਾਂ,
ਮੋਰ ਕਲੈਰੀ ਨਚਦੇ ਨੇ,
ਸਾਵਣ ਦੀ ਰੁੱਤ ਅੰਬਰ ਤੇ,
ਘਨਘੋਰ ਘਟਾ ਛਾ ਜਾਏ ਜਦੋਂ ।

ਮਸਤੀ ਅੰਦਰ ਪ੍ਰੀਤਾਂ ਦਾ,
ਵਣਜਾਰਾ, ਕਿਧਰੇ ਨੱਚ ਉਠੇ,
ਰਤੜੇ ਚੂੜੇ ਵਾਲੀ ਗੋਰੀ,
ਉਚੀ ਪੀਂਘ ਚੜ੍ਹਾਏ ਜਦੋਂ ।

ਪਾਣੀ ਭਰਨ ਬਹਾਨੇ ਗੋਪੀ,
ਗਾਗਰ ਝੱਟ ਉਠਾ ਲੈਂਦੀ,
ਜਮਨਾ ਕੰਢੇ ਕ੍ਰਿਸ਼ਨ ਮਨੋਹਰ,
ਮੁਰਲੀ ਮਧੁਰ ਬਜਾਏ ਜਦੋਂ ।

ਲੱਖਾਂ ਰਾਂਝੇ ਕੰਨ ਪੜਵਾ ਕੇ,
ਜੋਗੀ ਰੂਪ ਵਟਾ ਲੈਂਦੇ,
ਲੱਖਾਂ ਹੀਰਾਂ ਘਾਇਲ ਹੋਸਨ,
ਜੋਬਨ ਡੰਗ ਚਲਾਏ ਜਦੋਂ ।

ਰੱਬ ਦੀ ਕੁਦਰਤ ਵੇਖ ਕੇ,
ਮਨ ਦਾ ਪੰਛੀ ਫੜਕਣ ਲਗ ਜਾਂਦਾ,
'ਚਮਨ' ਸੁਗੰਧੀ ਰੂਪ ਸਜਾ ਕੇ,
ਵਿਚ ਹਵਾ ਘੁਲ ਜਾਏ ਜਦੋਂ ।

ਬਾਗਾਂ ਦਾ ਹੁਸਨ

ਬੁੱਲਬੁਲ ਆਖੇ ਬਾਗਾਂ ਅੰਦਰ,
ਉਸ ਰੁੱਤੇ ਮੈਂ ਚਹਿਕਾਂ।
ਜਿਸ ਰੁੱਤੇ ਫੁੱਲ ਖਿੜ ਖਿੜ ਹੱਸਣ,
ਕਲੀਆਂ ਵੰਡਣ ਮਹਿਕਾਂ।

ਕੋਇਲ ਆਖੇ ਬਾਗਾਂ ਅੰਦਰ,
ਉਸ ਰੁੱਤੇ ਮੈਂ ਗਾਵਾਂ।
ਜਿਸ ਰੁੱਤੇ ਫੁੱਲਾਂ ਸੰਗ ਕਲੀਆਂ,
ਦੱਸਣ ਸ਼ੋਖ਼ ਅਦਾਵਾਂ।

ਮਾਲੀ ਆਖੇ ਉਸ ਰੁੱਤੇ,
ਮੇਰਾ ਬਾਗਾਂ ਦੇ ਵਿਚ ਡੇਰਾ।
ਅੰਬਾਂ ਲੱਦੀਆਂ ਟਾਹਣੀਆਂ ਉਤੇ,
ਕੋਇਲਾਂ ਕਰਨ ਵਸੇਰਾ।

ਮੋਰ ਆਖੇ ਮੈਂ ਬਾਗਾਂ ਅੰਦਰ,
ਉਦੋਂ ਹੀ ਪੈਲਾਂ ਪਾਵਾਂ।
ਮਿਠੀ ਮਸਤ ਸੁਗੰਧੀ ਭਰੀਆਂ,
ਵਗਣ ਪੁਰੇ ਦੀਆਂ 'ਵਾਵਾਂ।

ਮਾਲਣ ਆਖੇ ਬਾਗਾਂ ਅੰਦਰ,
ਉਸ ਰੁੱਤੇ ਮੈਂ ਘੁੰਮਾਂ।

ਜਿਸ ਰੁੱਤੇ ਕਲੀਆਂ ਸੰਗ ਭੌਰੇ,
ਨੱਚ ਨੱਚ ਪਾਵਣ ਧੂੰਮਾਂ ।

ਗੋਰੀ ਆਖੇ ਬਾਗ਼ਾਂ ਅੰਦਰ,
ਉਦੋਂ ਮੈਂ ਪੀਂਘ ਚੜ੍ਹਾਵਾਂ ।
ਸਾਵਣ ਰੁੱਤੇ ਅੰਬਰ ਉਤੇ,
ਝੜੀਆਂ ਹੋਣ ਘਟਾਵਾਂ ।

ਭਵੰਰਾ ਆਖੇ ਉਸ ਰੁੱਤੇ ਮੈਂ,
ਬਾਗਾਂ ਦੇ ਵਿਚ ਗੂੰਜਾਂ ।
ਕਲੀਆਂ ਨੱਚਣ ਫੁੱਲ ਪਏ ਹੱਸਣ,
ਉਡਣ ਅਰਸ਼ ਤੇ ਕੂੰਜਾਂ ।

ਮਾਖਿਓਂ ਮੱਖੀ ਆਖੇ ਮੈਂ ਵੀ,
ਉਦੋਂ ਬਾਗ਼ਾਂ ਵਿਚ ਜਾਵਾਂ ।
ਫੁੱਲ ਕਲੀਆਂ ਮਿਠਾ ਰਸ ਵੰਡਣ,
(ਮੈਂ) ਲੈ ਕੇ ਸ਼ਹਿਦ ਬਣਾਵਾਂ ।

ਲੋਕੀਂ ਆਖਣ ਬਾਗ਼ਾਂ ਦੇ ਵਿਚ,
ਫਲ ਪੱਕਣ ਤੇ ਜਾਈਏ ।
ਫਲ ਖਾਈਏ, ਖ਼ੁਸ਼ਬੋਆਂ ਲਈਏ,
ਆਪੇ ਨੂੰ ਨਸ਼ਿਆਈਏ ।

ਕਲਾਕਾਰ ਤੇ ਸ਼ਾਇਰ ਆਖਣ,
ਹਰਦਮ ਬਾਗ਼ੀਂ ਜਾਈਏ ।
ਸੁੰਦਰਤਾ ਨੂੰ ਬੁਰਸ਼ ਕਲਮ ਦੀ,
ਛੋਹ ਦਾ ਰੂਪ ਬਣਾਈਏ ।

ਬੇਗਾਨੇ ਸਿਉਂ ਦੋਸਤੀ

ਉਠਾਂ ਵਾਲਿਆਂ ਨਾਲ ਯਰਾਨਾ,
ਭੁੱਲ ਕੇ ਅੜੀਏ ਲਾਵੀਂ ਨਾ।
ਸੱਸੀ ਵਾਂਗੋਂ ਵਿੱਚ ਥਲਾਂ ਦੇ,
ਸੜ ਕੇ ਜਾਨ ਗਵਾਵੀਂ ਨਾ।
ਪੰਛੀ ਜੋਗੀ ਤੇ ਪਰਦੇਸੀ,
ਹੋਣ ਨਾ ਮਿੱਤ ਕਿਸੇ ਦੇ ਨੀ।
ਵੇਖੀਂ ਭੁੱਲ ਕੇ ਨਾਲ ਇਨ੍ਹਾਂ ਦੇ,
ਕਮਲੀਏ ਨਿਹੁੰ ਲਗਾਵੀਂ ਨਾ।

ਬਹਾਰਾਂ ਦੇ ਬੂਟੇ

ਯਾਦਾਂ ਦੀ ਡੰਗੋਰੀ ਹੱਥ ਫੜ ਕੇ,
ਜੀਵਨ ਦੀ ਡਗਰ ਤੇ ਚਲਦੇ ਜੋ।
ਉਹ ਦੀਪ ਅਜਿਹੇ,
ਝੱਖੜਾਂ ਤੇ ਤੂਫਾਨਾਂ ਵਿਚ ਬਲਦੇ ਜੋ।
ਉਹ ਪਿਆਰ ਦੇ ਬਦਲੇ, ਧੰਨ ਦੌਲਤ,
ਅਰ ਹੇਚ ਸਮਝਦੇ ਦੁਨੀਆਂ ਨੂੰ।
ਉਹ 'ਚਮਨ' ਬਹਾਰਾਂ ਦੇ ਬੂਟੇ,
ਹਨ ਪਿਆਰ ਦੀ ਚੁੱਤੇ ਪਲਦੇ ਜੋ।

ਗੀਤ

ਹੋਲੀ ਦੀ ਰੁੱਤ ਆਈ ਵੇ ਮਾਹੀਆ, ਹੋਲੀ ਦੀ ਰੁੱਤ ਆਈ ।
ਮਹਿਕ ਰਿਹਾ ਅੱਜ ਚਾਰ ਚੁਫੇਰਾ, ਪਿਆਰ ਦੀ ਬਦਲੀ ਛਾਈ ।
ਹਰ ਪਾਸੇ ਅੱਜ ਰੁੱਤ ਹਾਸੇ ਦੀ,
ਹਰ ਪਾਸੇ ਹਰਿਆਲੀ ।
ਅਤਰ ਫੁਲੇਲ ਦੀ ਬਰਖਾ ਹੋਵੇ,
ਵਰਸਣ ਰੰਗ ਗੁਲਾਲੀ ।
ਰੂਪ ਜਵਾਨੀ ਖੇਡਣ ਹੋਲੀ, ਖ਼ੁਸ਼ੀ ਗੁਲਾਬ ਮਨਾਈ ।
ਹੋਲੀ ਦੀ ਰੁੱਤ . . .. ।

ਪਿਚਕ ਪਿਚਕ ਪਿਚਕਾਰੀ ਚੱਲੇ,
ਬਿਖਰੇ ਖ਼ੁਸ਼ੀਆਂ ਹਾਸੇ ।
ਰੰਗ ਬਰੰਗੇ ਬਸਤਰ ਪਹਿਨੇ,
ਕੁਦਰਤ ਨੇ ਹਰ ਪਾਸੇ ।
ਧਰਤੀ ਦੇ ਸੰਗ ਅੰਬਰ ਮਾਣੇ ਹੋਲੀ ਦੀ ਰੁਸ਼ਨਾਈ ।
ਹੋਲੀ ਦੀ ਰੁੱਤ ... ... ।

ਗੋਪੀਆਂ ਰਲ ਮਿਲ ਖੇਡਣ ਹੋਲੀ,
ਰਤੜੇ ਸਭ ਦੇ ਚੋਲੇ ।
ਮਸਤੀ ਅੰਦਰ ਝੂੰਮਰ ਪਾਵਣ,
ਘੁੰਮਣ ਵਾਂਗ ਵਿਰੋਲੇ ।
'ਚਮਨ' ਮਨੋਹਰ ਮੁਰਲੀ ਧਰ ਨੇ ਮੁਰਲੀ ਖ਼ੂਬ ਵਜਾਈ ।
ਹੋਲੀ ਦੀ ਰੁੱਤ ਆਈ ਵੇ ਮਾਹੀਆ, ਹੋਲੀ ਦੀ ਰੁੱਤ ਆਈ ।

ਜੀਵਨ ਕਦਰਾਂ

ਜ਼ਿੰਦਗੀ ਦੀ ਜੋ ਕਦਰ ਨਾ ਪਾਉਂਦੇ, ਸੋ ਮੂਰਖ ਹਨ ਬੰਦੇ ।
ਜੋ ਨਾ ਸਮਝਣ ਜੀਵਨ ਕੀ ਹੈ, ਭਾਗ ਤਿਨ੍ਹਾਂ ਦੇ ਮੰਦੇ ।
ਦੇਸ਼ ਦੀ ਖ਼ਾਤਰ ਮਰਨ ਬਹਾਦਰ, ਪੂਜਣ ਲੋਕ ਉਨ੍ਹਾਂ ਨੂੰ ।
ਹੱਸ ਹੱਸ ਕੇ ਜੋ ਮੌਤ ਕਬੂਲਣ, ਪਾ ਫਾਂਸੀ ਦੇ ਫੰਦੇ ।

ਦਿਲਦਾਰ ਦੀਆਂ ਸੱਧਰਾਂ

ਨਵਾਂ ਸਾਲ ਮੁਬਾਰਕ ਤੈਨੂੰ, ਮੇਰੇ ਦਿਲਬਰ ਯਾਰਾ ।
ਨਵੇਂ ਸਾਲ ਦਾ ਹਰ ਪਲ ਜਾਪੇ, ਤੇਰੇ ਲਈ ਪਿਆਰਾ ।
ਤੇਰੀਆਂ ਸੱਧਰਾਂ ਹੋਣ ਪੂਰੀਆਂ, ਖ਼ੁਸ਼ੀਆਂ ਅੰਦਰ ਵੱਸੇਂ ।
'ਚਮਨ' ਚਮਕਦਾ ਰਹੇਂ ਸਦਾ ਤੂੰ, ਜਿਉਂ ਅੰਬਰ ਦਾ ਤਾਰਾ ।

ਯਾਦਾਂ ਦੀ ਹਨੇਰੀ

(ਗੀਤ)

ਦੀਵਾ ਜਾਗ ਰਿਹਾ ਜੱਗ ਸੁੱਤਾ ਪਿਆ, ਪਏ ਚਮਕਣ ਅਰਸ਼ੀ ਤਾਰੇ ।
ਘਰ ਆ ਜਾ ਸਾਜਨ ਪਿਆਰੇ, ਮੇਰੇ ਸਾਜਨ ਮੀਤ ਮੁਰਾਰੇ ।

ਬਿਰਖਾਂ ਦੇ ਪਤੇ ਚੁੱਪ ਹੋਏ ਹਨ, ਸ਼ਾਂਤ ਨਦੀਆਂ ਨਾਲੇ ।
ਚੰਨ ਚਾਨਣ ਕਿਧਰੇ ਛੁੱਪ ਗਏ, ਥੱਕੇ ਹਨ ਬੱਦਲ ਕਾਲੇ ।
ਕਿਧਰੇ ਕਿਧਰੇ ਜਾਗ ਰਹੇ ਹਨ, ਸਾਧੂ ਸੰਤ ਪਿਆਰੇ ।
ਮੇਰੇ ਸਾਜਨ ... ... ।

ਤਾਰੇ ਹਨ ਬੇਸ਼ਕ ਚਮਕ ਰਹੇ, ਪਰ ਛਮ ਛਮ ਯਾਦ ਰੁਆਵੇ ।
ਮੇਰੇ ਬਿਰਹੋਂ ਕੁੱਠੇ ਨੈਣਾਂ ਨੂੰ, ਇਕ ਪਲ ਵੀ ਚੈਨ ਨਾ ਆਵੇ ।
ਉਡ ਗਈ ਨੀਂਦਰ ਪਰ ਲਾ ਕੇ, ਮੈਨੂੰ ਕਰ ਕਰ ਪ੍ਰੀਤ ਇਸ਼ਾਰੇ ।
ਮੇਰੇ ਸਾਜਨ ... ... ।

ਮੇਰੇ ਮਚਲ ਰਹੇ ਅਰਮਾਨ ਪੀਆ, ਮੇਰਾ ਮਨੁਵਾ ਚੈਨ ਨਾ ਪਾਵੇ ।
ਯਾਦਾਂ ਦੀ ਹਨੇਰੀ ਝੁੱਲ ਰਹੀ, ਮੇਰਾ 'ਚਮਨ' ਉਜੜਦਾ ਜਾਵੇ ।
ਆਈ ਯਾਦ ਤੇਰੀ ਦਿਲ ਤੜਫ ਰਿਹਾ ਮੇਰੇ ਆ ਜਾ ਪ੍ਰਾਣ ਅਧਾਰੇ ।
ਮੇਰੇ ਸਾਜਨ ... ... ।

ਦੀਵਾ ਜਾਗ ਰਿਹਾ ਜੱਗ ਸੁੱਤਾ ਪਿਆ, ਪਏ ਚਮਕਣ ਅਰਸ਼ੀ ਤਾਰੇ ।
ਘਰ ਆ ਜਾ ਸਾਜਨ ਪਿਆਰੇ, ਮੇਰੇ ਸਾਜਨ ਮੀਤ ਮੁਰਾਰੇ ।

ਮਿੱਠੀਆਂ ਯਾਦਾਂ

ਕਰ ਕੇ ਬੰਦ ਨੈਣਾਂ ਦੇ ਬੂਹੇ,
ਧਿਆਨ ਤੇਰਾ ਮੈਂ ਧਰ ਲੈਂਦਾ ਹਾਂ।
ਹਿਜਰ ਸਤਾਏ ਨੈਣਾਂ ਅੰਦਰ,
ਲੱਪ ਲੱਪ ਅੱਥਰੂ ਭਰ ਲੈਂਦਾ ਹਾਂ।
ਬੀਤ ਗਏ ਦੀਆਂ ਮਿਠੀਆਂ ਯਾਦਾਂ,
ਭੁੱਲ ਜਾਵਣ, ਇਹ ਹੋ ਨਹੀਂ ਸਕਦਾ।
ਕਦੀ ਕਦਾਈਂ ਰੱਖ ਹੌਂਸਲਾ,
ਦਿਲ ਨੂੰ ਪੱਥਰ ਕਰ ਲੈਂਦਾ ਹਾਂ।

ਗੀਤਾਂ ਦੀ ਧਰਤੀ

ਜਿਸ ਧਰਤੀ ਤੇ ਸਤਿਗੁਰ ਨਾਨਕ,
ਰੱਬੀ ਬਾਣੀ ਗਾਈ।
ਜਿਸ ਧਰਤੀ ਤੇ ਰਾਂਝੇ ਜੋਗੀ,
ਵੰਝਲੀ ਦੀ ਸੱਦ ਲਾਈ।
ਉਹ ਧਰਤੀ, ਗੀਤਾਂ ਦੀ ਧਰਤੀ,
ਜਾਣੇ ਕੁੱਲ ਜ਼ਮਾਨਾ।
ਜਿਸ ਧਰਤੀ ਦੀ ਹੀਰ ਸਲੋਣੀ,
'ਵਾਰਿਸ' ਅਮਰ ਬਣਾਈ।

ਭਾਰਤ ਦੇਸ਼ ਨਿਰਾਲਾ

ਦੁਨੀਆਂ ਦੇ ਕੁੱਲ ਦੇਸ਼ਾਂ ਅੰਦਰ, ਭਾਰਤ ਦੇਸ਼ ਨਿਰਾਲਾ।
ਗੰਗਾ ਜਮਨਾ ਸਤਲੁੱਜ ਬਿਆਸਾ ਦੀ, ਜਿਸ ਦੇ ਗਲ ਮਾਲਾ।
ਪੈਰਾਂ ਦੇ ਵਿਚ ਗਹਿਰਾ ਸਾਗਰ, ਹਰਦਮ ਠਾਠਾਂ ਮਾਰੇ,
ਬਰਫ਼ਾਂ ਜੜਿਆ ਜਿਸ ਦੇ ਸਿਰ ਤੇ, ਸੋਹੇ ਤਾਜ ਹਿਮਾਲਾ।

ਮੈਂ ਅਮਾਨਤ !

ਮੈਂ ਅਮਾਨਤ ਉਸ ਵਤਨ ਦੀ, ਜਿਸ ਨੂੰ ਭਾਰਤ ਕਹਿੰਦੇ।
ਜਿਸ ਦੇ ਜਾਏ ਨਿੱਤ ਸਵੇਰੇ, ਨਾਮ ਪ੍ਰਭੂ ਦਾ ਲੈਂਦੇ।
ਉਸ ਧਰਤੀ ਦੀ ਮਿੱਟੀ ਮੈਨੂੰ, ਜਾਨੋਂ ਵਧ ਪਿਆਰੀ,
ਕੌਮੀ ਯੋਧੇ ਜਿਸ ਦੀ ਖ਼ਾਤਰ, ਹੱਸ ਹੱਸ ਦੁੱਖੜੇ ਸਹਿੰਦੇ।

ਵਤਨ ਦੀ ਯਾਦ

ਮੈਂ ਨਾ ਭੁੱਲਾਂ ਉਸ ਵਤਨ ਨੂੰ, ਜਿਸ ਥਾਂ ਪਲੀ ਜਵਾਨੀ।
ਉਸ਼ ਵਤਨ ਦੇ ਲੇਖੇ ਲਾਵਾਂ, ਮੈਂ ਆਪਣੀ ਜ਼ਿੰਦਗਾਨੀ।
ਭਾਵੇਂ ਮੈਂ 'ਚਮਨ' ਅਜ ਕੀਤਾ, ਵਤਨੋਂ ਦੂਰ ਵਸੇਰਾ,
ਸਾਂਭੀ ਰੱਖਾਂ ਯਾਦ ਵਤਨ ਦੀ, ਹਰਦਮ ਪਿਆਰ ਨਿਸ਼ਾਨੀ।

ਆਜ਼ਾਦੀ ਦਾ ਗੀਤ

ਸੋਹਣਾ ਹਿੰਦ ਦੇ ਬਗੀਚੇ ਵਿਚ ਫੁਲ ਖਿੜਿਆ ।
ਦੇਸ਼ ਦੀ ਆਜ਼ਾਦੀ ਉਤੇ ਆਈ ਏ ਜਵਾਨੀ ।
ਸੋਹਣਾ ਹਿੰਦ ਦੇ ... ... ।

ਨਵੀਂ ਵਹੁਟੀ ਵਾਂਗੋਂ ਇਹਦਾ ਰੂਪ ਮਾਰਦਾ ਛਟਾਟੇ ।
ਜਿਉਂ ਅੰਬਰਾਂ ਤੋਂ ਛਮ ਛਮ ਪੈਂਦੇ ਨੇ ਛਰਾਟੇ ।
ਇਹਦੀ ਵੇਖ ਕੇ ਨੁਹਾਰ ਚੜ੍ਹੇ ਨੈਣਾਂ ਨੂੰ ਖੁਮਾਰ,
ਸੋਹਣਾ ਹਿੰਦ ਦੇ ... ... ।

ਸੋਹਣੀ ਹੀਰ ਇਹ ਆਜ਼ਾਦੀ, ਇਹਦੀ ਅੱਡਰੀ ਏ ਸ਼ਾਨ ।
ਇਹਦੇ ਕਦਮਾਂ ਤੋਂ ਲਖਾਂ ਰਾਂਝੇ ਹੋਏ ਕੁਰਬਾਨ ।
'ਲਾਜਪੱਤ' 'ਕਰਤਾਰ' 'ਭਗਤ ਸਿੰਘ' ਸਰਦਾਰ,
ਸੋਹਣਾ ਹਿੰਦ ਦੇ ... ... ।

ਲੱਖਾਂ ਵਾਰ ਗਏ ਜਵਾਨੀ ਇਹਦੀ ਕਰ ਕਰ ਮੰਗ ।
ਘੁੰਡ ਚੁਕਿਆ ਜਾਂ ਇਹਨੇ ਲੋਕੀਂ ਹੋਣ ਪਏ ਦੰਗ ।
'ਚਮਨ' ਖਿੜੀ ਗੁਲਜ਼ਾਰ ਆਈ ਦੇਸ਼ ਤੇ ਬਹਾਰ,
ਸੋਹਣਾ ਹਿੰਦ ਦੇ ਬਗ਼ੀਚੇ ਵਿਚ ਚੰਨ ਚੜ੍ਹਿਆ ।

ਸਰਬੱਤ ਦਾ ਭਲਾ

ਮੈਂ ਭਲਾ ਚਾਹਾਂ ਸਰਬੱਤ ਦਾ,
ਮੇਰਾ ਕਹਿੰਦਾ ਦੀਨ ਈਮਾਨ ।
ਸਭ ਬੰਦੇ ਇਕੋ ਰੱਬ ਦੇ,
ਮੈਂ ਵੇਖਾਂ ਇਕ ਸਮਾਨ ।
'ਬਾਈਬਲ' ਗੁਰੂ ਗ੍ਰੰਥ ਨੂੰ,
ਜਾਣਾ ਪਾਕ ਪਵਿੱਤਰ,
ਰਹਾਂ ਸਦਾ ਸਤਿਕਾਰ ਦਾ,
ਮੈਂ ਗੀਤਾ ਅਤੇ ਕੁਰਾਨ ।

ਮੈਂ ਮਾਨੁੱਖਤਾ ਦਾ ਦਾਸ ਹਾਂ,
ਮਾਨੁੱਖਤਾ ਮੇਰੀ ਜਾਨ ।
ਮੈਂ ਰਹਾਂ ਸਦਾ ਹੀ ਲੋਚਦਾ,
ਸਰਬੱਤ ਦੀ ਸਾਂਝੀ ਸ਼ਾਨ ।
ਮੈਨੂੰ 'ਨਾਨਕ', 'ਰਾਮ' 'ਰਹੀਮ' ਵਿੱਚ,
ਦਿਸੇ ਰਤੀ ਨਾ ਭੇਦ,
ਮੇਰੇ ਦਿਲ ਵਿਚ 'ਈਸਾ' 'ਬੁੱਧ' ਲਈ,
ਹਦੋਂ ਵਧ ਸਨਮਾਨ ।

ਵਾਹਿਗੁਰੂ, ਅੱਲਾ, ਈਸ਼ਵਰ,
ਸਭੇ ਨਾਮ ਮਹਾਨ ।
ਹਰ ਬੰਦੇ ਵਿਚ ਵਸਦਾ,
ਸੱਚਾ ਉਹ ਭਗਵਾਨ ।

ਕੋਈ ਅਲਾਏ ਗੌਡ ਉਸ,
ਕੋਈ ਆਖੇ ਸਾਮ,
ਪੰਛੀ ਵੀ ਜੱਸ ਗਾਵਦੇ,
ਧਰ ਕੇ ਉਸ ਦਾ ਧਿਆਨ ।

ਉਸ ਦੇ ਦਰ ਦੇ ਮੰਗਤੇ,
ਰੰਕ ਅਤੇ ਰਾਜਾਨ ।
ਬੋਧੀ, ਜੈਨੀ, ਪਾਰਸੀ,
ਹਿੰਦੂ ਤੇ ਮੁਸਲਮਾਨ ।
ਈਸਾਈ ਤੇ ਸਿੱਖ ਵੀ,
ਉਸ ਦੇ ਹਨ ਦਰਵੇਸ,
ਜੀਆ ਜੰਤ ਸਭ ਧਰਤ ਦੇ,
ਉਸ ਦਾ ਦਿੱਤਾ ਖਾਣ ।

ਹੱਸਣ ਦੀ ਰੁੱਤ

ਮੀਟੇ ਬੁੱਲ੍ਹ ਹਲਾ ਵੇ ਅੜਿਆ,
ਕਿਉਂ ਵੱਟੀ ਏ ਚੁੱਪ ।
ਛੇਤੀ ਮੁਸਕਰਾ ਵੇ ਅੜਿਆ,
ਹੱਸਣ ਦੀ ਏ ਰੁੱਤ ।
ਆਈ ਰੁੱਤ ਬਹਾਰਾਂ ਲੈ ਕੇ,
ਆਪਾ 'ਚਮਨ' ਮਹਿਕਾ ਲੈ,
ਸੁੱਤੇ ਅੰਗ ਜਗਾ ਵੇ ਅੜਿਆ,
ਕਿਉਂ ਬਣਿਆਂ ਏਂ ਬੁੱਤ ।

ਜੀਵਨ ਦੀ ਰੀਤ

ਰੁੱਠੜੇ ਸਜਨਾ ਮੁਸਕਰਾਉਣਾ
ਜੀਵਨ ਦੀ ਹੈ ਰੀਤ ।
ਜਿਸ ਵਿੱਚ ਹੈ ਨਹੀਂ ਬੇ-ਕਰਾਰੀ,
ਉਹ ਹੈ ਝੂਠੀ ਪ੍ਰੀਤ ।
ਅਣ-ਮੁਸਕਰਾਏ ਰਹਿਣਾ,
ਜੀਵਨ ਨੂੰ ਛੁਟਿਆਉਣਾ,
ਜਿਸ ਸਿਤਾਰ ਦੀ ਤਾਰ ਜੰਗਾਲੀ,
ਵੱਜੇ ਕਿਵੇਂ ਸੰਗੀਤ ।

ਗੀਤ

ਵਤਨ ਦੀ ਖ਼ਾਤਰ ਜੀਉਣਾ ਹੈ,
ਅਸੀਂ ਵਤਨ ਦੀ ਖ਼ਾਤਰ ਮਰਨਾ ਹੈ ।
ਵਤਨ ਦੀ ਖ਼ਾਤਰ ਮਰਨਾ ਹੈ ।
ਡਰ ਕਿਸੇ ਨੂੰ ਦੇਣਾ ਨਹੀਂ,
ਨਾ ਕਿਸੇ ਤੋਂ ਡਰਨਾ ਹੈ ।
ਵਤਨ ਦੀ ਖ਼ਾਤਰ ਮਰਨਾ ਹੈ ।

ਜੰਗਬਾਜ਼ਾਂ ਨੂੰ ਮਜ਼ਾ ਚਿਖਾਈਏ,
ਅਸੀਂ ਹਾਂ ਅਮਨ ਪੁਜਾਰੀ ।
'ਜੀਓ' 'ਜੀਣ ਦਿਓ' ਦਾ ਨਾਅਰਾ,
ਜਾਣੇ ਦੁਨੀਆਂ ਸਾਰੀ ।
ਮਾਨੁੱਖਤਾ ਦੇ ਦੁੱਖਾਂ ਦਾ,
ਨਾਸ ਅਸਾਂ ਨੇ ਕਰਨਾ ਹੈ ।
ਨਾਸ ਅਸਾਂ ਨੇ ਕਰਨਾ ਹੈ ।
ਵਤਨ ਦੀ ਖ਼ਾਤਰ ਜੀਉਣ ਹੈ
ਅਸੀਂ ਵਤਨ ਦੀ ਖ਼ਾਤਰ ਮਰਨਾ ਹੈ ।
ਵਤਨ ਦੀ ਖ਼ਾਤਰ ਮਰਨਾ ਹੈ ।

ਅੱਖਾਂ ਕੌਣ ਵਖਾਏ ਸਾਨੂੰ,
ਹੈ ਕਿਸ ਦਾ ਇਹ ਜੇਰਾ ।
ਸਾਡੇ ਅਗੇ ਉੜ ਪੁੜ ਜਾਏ,
ਪਾਪ ਜ਼ੁਲਮ ਦਾ 'ਨੇਰਾ ।
ਤੂਫ਼ਾਨਾਂ ਦੇ ਸਾਗਰ ਨੂੰ,
ਹੱਸ ਹੱਸ ਕੇ ਅਸਾਂ ਤਰਨਾ ਹੈ ।
ਹੱਸ ਹੱਸ ਕੇ ਅਸਾਂ ਤਰਨਾ ਹੈ ।
ਵਤਨ ਦੀ ਖ਼ਾਤਰ ਜੀਉਣਾ ਹੈ ।
ਅਸੀਂ ਵਤਨ ਦੀ ਖ਼ਾਤਰ ਮਰਨਾ ਹੈ ।
ਵਤਨ ਦੀ ਖ਼ਾਤਰ ਮਰਨਾ ਹੈ ।

ਮੰਦਾ ਬੋਲ ਕਿਸੇ ਦੇ ਤਾਈਂ,
ਕਹੀਏ ਨਾ ਕਹਾਈਏ ।
ਬਣਕੇ ਦਰਦੀ ਦੁਖੀਆਂ ਦੇ,
ਸਭ ਦਾ ਦਰਦ ਵੰਡਾਈਏ ।
ਮਾਨੁੱਖਤਾ ਦੇ ਜ਼ਖ਼ਮਾਂ ਨੂੰ,
(ਅਸਾਂ) ਨਾਲ ਹਲੀਮੀ ਭਰਨਾ ਹੈ ।
ਨਾਲ ਹਲੀਮੀ ਭਰਨਾ ਹੈ ।
ਵਤਨ ਦੀ ਖ਼ਾਤਰ ਜੀਉਣਾ ਹੈ
ਅਸੀਂ ਵਤਨ ਦੀ ਖ਼ਾਤਰ ਮਰਨਾ ਹੈ ।
ਵਤਨ ਦੀ ਖ਼ਾਤਰ ਮਰਨਾ ਹੈ ।

ਵਤਨ ਮੇਰੇ ਦੇ ਕਣ ਕਣ ਅੰਦਰ,
ਮਹਿਕਾਂ ਮਸਤ ਬਹਾਰਾਂ ।
'ਚਮਨ' ਮਹਿਕਦਾ ਰਹੇ ਸਦਾ ਇਹ,
ਭਿੰਨੀਆਂ ਪੈਣ ਫੁਹਾਰਾਂ ।
ਪਾਕ ਪਵਿੱਤਰ ਧਰਤੀ ਲਈ,
ਸੀਸ ਤਲੀ ਤੇ ਧਰਨਾ ਹੈ ।
ਸੀਸ ਤਲੀ ਤੇ ਧਰਨਾ ਹੈ ।
ਵਤਨ ਦੀ ਖ਼ਾਤਰ ਜੀਉਣਾ ਹੈ
ਅਸੀਂ ਵਤਨ ਦੀ ਖ਼ਾਤਰ ਮਰਨਾ ਹੈ ।
ਵਤਨ ਦੀ ਖ਼ਾਤਰ ਮਰਨਾ ਹੈ ।

ਪ੍ਰਦੇਸੀ ਭਾਰਤੀਆਂ ਦਾ ਸੰਦੇਸ਼

ਚਿਰਾਂ ਤੋਂ ਹਾਂ ਵਿਛੜੇ,
ਚਿਰਾਂ ਤੋਂ ਹਾਂ ਨਿਖੜੇ,
ਬੇਸ਼ਕ ਲਗਾਏ ਅਸਾਂ ਦੂਰ ਡੇਰੇ,
ਜੇ ਹੁਣ ਵੀ ਪਵੇ ਲੋੜ ਸਾਡੀ ਵਤਨ ਨੂੰ,
ਨਾ ਪਿਛੇ ਹਟਾਂਗੇ,
ਵਧਾਂਗੇ ਅਗੇਰੇ ।

ਭਾਰਤ ਤੋਂ ਬੈਠੇ ਹਾਂ ਬੇਸ਼ਕ ਦੁਰੇਡੇ,
ਆਪਣੇ ਵਤਨ ਦੇ ਤਰਾਨੇ ਹਾਂ ਗਾਂਦੇ,
ਜਿਨ੍ਹਾਂ ਹੀਲਿਆਂ ਨਾਲ ਮਿਲੀ ਏ ਆਜ਼ਾਦੀ,
ਉਹ ਇਤਿਹਾਸ ਖ਼ੂਨੀ ਨਾ ਦਿਲ ਚੋਂ ਭੁਲਾਂਦੇ,
ਸ਼ਹੀਦਾਂ ਨੇ ਆਜ਼ਾਦੀ ਦੇ ਬਾਲ ਦੀਵੇ,
ਹਿੰਦ ਦੀਆਂ ਗਲੀਆਂ ਚੋਂ ਹੂੰਝੇ ਹਨੇਰੇ,
ਜੇ ਹੁਣ ਵੀ ਪਵੇ ਲੋੜ ਸਾਡੀ ਵਤਨ ਨੂੰ,
ਨਾ ਪਿਛੇ ਹਟਾਂਗੇ,
ਵਧਾਂਗੇ ਅਗੇਰੇ ।

ਕਿਸੇ ਨੂੰ ਡਰਾਈਏ,
ਨਾ ਡਰੀਏ ਕਿਸੇ ਤੋਂ,
ਨਾ ਲੁਟੀਏ ਕਿਸੇ ਨੂੰ,
ਨਾ ਸਾਨੂੰ ਕੋਈ ਲੁੱਟੇ,

ਜੀਉਣਾ ਸਦਾ ਅਣਖ ਦੇ ਨਾਲ ਚਾਹੁੰਦੇ,
ਅਮਨ ਦੇ ਪੁਜਾਰੀ ਅਮਨ ਲਈ ਹਾਂ ਜੁੱਟੇ,
ਅਸੀਂ ਜੰਗ ਬਾਜਾਂ ਦੇ ਪੱਕੇ ਹਾਂ ਵੈਰੀ,
ਉਡਾਈਏ ਅਰਸ਼ ਤੇ ਅਮਨ ਦੇ ਫਰੇਰੇ,
ਜੇ ਹੁਣ ਵੀ ਪਵੇ ਲੋੜ ਸਾਡੀ ਵਤਨ ਨੂੰ,
ਨਾ ਪਿਛੇ ਹਟਾਂਗੇ,
ਵਧਾਂਗੇ ਅਗੇਰੇ ।

ਜਦੋਂ ਵੀ ਜ਼ਬਰ ਦੀ ਹਨੇਰੀ ਹੈ ਝੁੱਲੀ,
ਅਸੀਂ ਸਬਰ ਦੀ ਓਟ ਲੈਂਦੇ ਰਹੇ ਹਾਂ,
ਪਰਖੇ ਗਏ ਜਦੋਂ ਸਾਰੇ ਹੀ ਹੀਲੇ
ਫੜ ਕੇ ਖੜਗ ਮੁਖੋਂ ਕਹਿੰਦੇ ਰਹੇ ਹਾਂ,
ਅਸੀਂ ਪਾਪ ਦੇ ਨਾਲ ਟੱਕਰ ਹੈ ਲੈਣੀ
ਗੁਰੂ ਕਲਗੀਧਰ ਸਾਨੂੰ ਬਖਸ਼ੇ ਨੇ ਜੇਰੇ,
ਜੇ ਹੁਣ ਵੀ ਪਵੇ ਲੋੜ ਸਾਡੀ ਵਤਨ ਨੂੰ,
ਨਾ ਪਿਛੇ ਹਟਾਂਗੇ,
ਵਧਾਂਗੇ ਅਗੇਰੇ ।

ਵਤਨ ਦੀ ਅਣਖ ਹਾਂ,
ਵਤਨ ਸ਼ਾਨ ਸਾਡੀ,
ਵਤਨ ਲਈ ਜਿੰਦੜੀ,
ਘੁਮਾਉਂਦੇ ਰਹਾਂਗੇ,
ਕੈਨੇਡਾ ਅਮ੍ਰੀਕਾ ਤੇ ਇੰਗਲੈਂਡ ਬੈਠੇ,
ਨਗਮੇਂ ਵਤਨ ਦੇ ਹੀ ਗਾਉਂਦੇ ਰਹਾਂਗੇ,
ਨਹੀਂ ਥੋੜ 'ਊਧਮ' ਤੇ 'ਮੇਵੇ' ਦੀ ਅੱਜ ਵੀ,
'ਟੁੰਡੀ ਲਾਟ' ਲੱਖਾਂ 'ਸਰਾਭੇ' ਬਹੁਤੇਰੇ,

ਜੇ ਹੁਣ ਵੀ ਪਵੇ ਲੋੜ ਸਾਡੀ ਵਤਨ ਨੂੰ,
ਨਾ ਪਿਛੇ ਹਟਾਂਗੇ,
ਵਧਾਂਗੇ ਅਗੇਰੇ ।

ਸਾਨੂੰ ਪਿਆਰੀ ਹੈ ਭਾਰਤ ਦੀ ਭੂਮੀ,
ਸਾਨੂੰ ਪਿਆਰੇ ਨੇ ਭਾਰਤ ਦੇ ਜਾਏ,
ਬਚਪਨ ਦੇ ਦਿਨ ਅਸਾਂ ਜਿਸ ਥਾਂ ਗੁਜ਼ਾਰੇ,
ਉਹ ਸੰਗੀ ਉਹ ਸਾਥੀ ਨਾ ਜਾਂਦੇ ਭੁਲਾਏ,
'ਚਮਨ' ਯਾਦ ਸਾਨੂੰ ਬਸੰਤੀ ਉਹ ਰੁੱਤਾਂ,
ਮਹਿਕਾਂ ਭਰੇ ਯਾਦ ਆਉਂਦੇ ਸਵੇਰੇ,
ਜੇ ਹੁਣ ਵੀ ਪਵੇ ਲੋੜ ਸਾਡੀ ਵਤਨ ਨੂੰ,
ਨਾ ਪਿਛੇ ਹਟਾਂਗੇ,
ਵਧਾਂਗੇ ਅਗੇਰੇ ।

ਸਿੱਖੀ-ਫੁੱਲ

ਸਿੱਖੀ ਇਕ ਅਜਿਹਾ ਹੀਰਾ,
ਜਿਸ ਹੀਰੇ ਦਾ ਮੁੱਲ ਨਾ ਕੋਈ।
ਸਿੱਖੀ ਇਕ ਅਜਿਹਾ ਚਾਨਣ,
ਜਿਸ ਚਾਨਣ ਦੇ ਤੁੱਲ ਨਾ ਕੋਈ।
ਦੁਨੀਆਂ ਫੁੱਲਾਂ ਭਰੀ ਕਿਆਰੀ,
ਹਰ ਫੁੱਲ ਆਪਣੀ ਮਹਿਕ ਖਿਲਾਰੀ,
ਇਸ ਸੰਸਾਰ-ਚਮਨ ਦੇ ਅੰਦਰ
ਸਿੱਖੀ ਵਰਗਾ ਫੁੱਲ ਨਾ ਕੋਈ।

ਸ਼ਰਧਾ ਦੇ ਫੁੱਲ

(ਨਾਨਕ ਸਿੰਘ ਦੀ ਯਾਦ ਵਿਚ)

ਇਕ ਸਰਦਾਰ, ਨਾਵਲਕਾਰ,
ਉਡ ਗਿਆ ਮਾਰ ਉਡਾਰ।
ਜਿਸ ਦਾ ਪਿਆਰ, ਹਰ ਦਿਲਦਾਰ,
ਨੈਣੀ ਲਿਆ ਉਤਾਰ।
ਲੱਖ ਹਜ਼ਾਰ ਸਾਹਿਤਕਾਰ,
ਉਸ ਨੂੰ ਰਹੇ ਉਚਾਰ,
ਜੋ ਗ਼ਮਖ਼ਾਰ, ਗਿਆ ਵਿਸਾਰ,
ਕਰਕੇ ਕੌਲ 'ਕਰਾਰ।

ਝੂਠੀ ਜੱਗ ਦੀ ਪ੍ਰੀਤ

ਝੂਠੀ ਦੇਖੀ ਪ੍ਰੀਤ ਜਗਤ ਦੀ, ਝੂਠੀ ਦੇਖੀ ਪ੍ਰੀਤ ।
ਮਤਲਬ ਦੀ ਇਸ ਦੁਨੀਆਂ ਅੰਦਰ, ਕੌਣ ਕਿਸੇ ਦਾ ਮੀਤ ।
ਝੂਠੇ ਸਾਕ ਸੰਬੰਧੀ ਸਾਰੇ, ਪੁੱਤਰ ਭੈਣਾਂ ਭਾਈ ।
ਝੂਠੀ ਇਸ ਦੁਨੀਆਂ ਨਾਲ ਸਜਨਾਂ, ਕਿਉਂ ਪ੍ਰੀਤ ਲਗਾਈ ।
ਸੱਚੇ ਸਾਈਂ ਦੇ ਬਿਨ, ਝੂਠਾ ਜੀਵਨ ਦਾ ਸੰਗੀਤ ।
ਝੂਠੀ ਦੇਖੀ ਪ੍ਰੀਤ .. .. ।

ਜਿਸ ਮਾਇਆ ਨਾਲ ਪ੍ਰੀਤ ਲਗਾਈ, ਇਹ ਮਾਇਆ ਨਾ ਰਹਿਣੀ ।
ਝੂਠੀ ਹੈ ਇਸ ਜੱਗ ਦੀ ਮਾਇਆ, ਇਕ ਦਿਨ ਛੱਡਣੀ ਪੈਣੀ ।
ਨਾਮ ਬਿਨਾ ਝੂਠੇ ਸਭ ਧੰਦੇ, ਝੂਠੀ ਹਰ ਇਕ ਰੀਤ ।
ਝੂਠੀ ਦੇਖੀ ਪ੍ਰੀਤ ... ... ।

ਇਸ ਜੱਗ ਅੰਦਰ ਮੀਤ ਨਾ ਕੋਈ, ਮਤਲਬ ਦਾ ਜੱਗ ਸਾਰਾ ।
ਬਿਨ ਮਤਲਬ ਕੋਈ ਬਾਤ ਨਾ ਪੁਛੇ, ਮਤਲਬ ਸਭ ਨੂੰ ਪਿਆਰਾ ।
ਖ਼ੁਦਗਰਜ਼ਾਂ ਦੇ ਬੁਲ੍ਹਾਂ ਉਤੇ, ਮਤਲਬ ਦਾ ਹੈ ਗੀਤ ।
ਝੂਠੀ ਦੇਖੀ ਪ੍ਰੀਤ ... ... ।

ਖਟ ਲਾਹਾ ਤੂੰ ਇਸ ਜੀਵਨ ਦਾ, ਰੱਬ ਦਾ ਨਾਮ ਧਿਆ ਲੈ ।
ਉਸ ਦੇ ਦਰ ਦਾ ਕੂਕਰ ਬਣ ਕੇ, ਜੀਵਨ ਸਫਲ ਬਣਾ ਲੈ ।

ਛੱਡ ਕੇ ਸਭ ਚਤੁਰਾਈਆਂ ਬੰਦੇ, ਸਾਫ ਬਣਾ ਲੈ ਨੀਤ ।
ਝੂਠੀ ਦੇਖੀ ਪ੍ਰੀਤ ... ... ।

ਹਾਥੀ ਘੋੜੇ ਮਾਲ ਖ਼ਜ਼ਾਨੇ, ਛੱਡ ਕੇ ਮਹਿਲ ਅਟਾਰੀ ।
ਹੰਸ ਇਕੇਲਾ ਟੁਰ ਜਾਏਂਗਾ, ਉਚੀ ਮਾਰ ਉਡਾਰੀ ।
'ਚਮਨ' ਫੇਰ ਪਛਤਾਏਂਗਾ, ਜਦ ਸਮਾਂ ਜਾਏਗਾ ਬੀਤ ।
ਝੂਠੀ ਦੇਖੀ ਪ੍ਰੀਤ ਜਗਤ ਦੀ, ਝੂਠੀ ਦੇਖੀ ਪ੍ਰੀਤ ।

ਗ਼ਜ਼ਲ

ਛੱਡ ਖਹਿੜਾ ਚੰਦਰੀ ਦਾ, ਤਰਸ ਨਾ ਕਰਦੀ ਜ਼ਰਾ ।
ਇਸ ਖੁਣੋ ਦਸ ਕੀ ਖੜਾ ਹੈ, ਸੋਹਣਿਆਂ ਗੱਡਾ ਤਿਰਾ ।
ਦੇਖੀਂ ਭੁੱਲ ਕੇ ਮੂੰਹ ਨਾ ਲਾਵੀਂ, ਚੰਦਰੀ ਇਸ ਡੈਣ ਨੂੰ,
ਲੱਖ ਜੋਬਨ ਸਾੜਦੀ, ਕਰਦੀ ਵੀਰਾਨੇ ਆਸ਼ਿਆਂ ।
ਮਾਰ ਇਸ ਦੀ ਤੋਂ ਨਾ ਬਚ ਸਕਿਆ, ਕੋਈ ਵੀ ਅੱਜ ਤੱਕ,
ਤੂੰ ਜਵਾਨੀ ਗਾਲ ਨਾ, ਕਰ ਸਮਝ ਕੁਝ ਨਾਦਾਨਿਆਂ ।
ਬਖ਼ਸ਼ਦੀ ਕੁਝ ਸਮੇਂ ਲਈ, ਇਹ ਮਸਤੀ ਬੇਸ਼ਕ ਸੱਚ ਹੈ,
ਖਾਰਦੀ ਹੱਡ ਖਾਰ ਬਣ ਕੇ, ਖਾਰਦੀ ਜੀਵਨ ਤਿਰਾ ।
ਛੱਡ ਇਸ ਦੇ ਸਾਥ ਨੂੰ, ਇਹ ਧੋਖਿਆਂ ਦੀ ਪੰਡ ਹੈ,
ਧੰਨ ਦੌਲਤ ਮਾਲ ਇਜ਼ਤ, ਸਭ ਕੁਝ ਲੈਂਦੀ ਚੁਰਾ ।
ਜਿਸ ਨੇ ਲਾਈ ਮੂੰਹ ਮਿਲੀ, ਸ਼ਰਮਿੰਦਗੀ ਸ਼ਰਮਿੰਦਗੀ,
ਤੂੰ ਨਾ ਭਾੜੇ ਭੰਗ ਦੇ, ਜੀਵਨ ਲੁਟਾਵੀਂ ਆਪਣਾ ।
'ਚਮਨ' ਇਸ ਨੂੰ ਆਖਦੇ, ਸ਼ਰ-ਆਬ ਇਸ ਵਿਚ ਸ਼ੱਕ ਕੀ ?
ਪਾਈਂ ਨਾ ਸੰਗ ਏਸ ਦੇ, ਭੁੱਲ ਕੇ ਪ੍ਰੀਤਾਂ ਸੱਜਣਾਂ ।

ਗ਼ਜ਼ਲ

ਇਕ ਪਾਸੇ ਹਨ ਕੁਲੀਆਂ ਢਾਰੇ ।
ਇਕ ਪਾਸੇ ਹਨ ਮਹਿਲ ਮੁਨਾਰੇ ।
ਇਕ ਪਾਸੇ ਹਨ ਦੁੱਧ ਦੀਆਂ ਨਦੀਆਂ,
ਇਕ ਪਾਸੇ ਹਨ ਪਾਣੀ ਖਾਰੇ ।
ਇਕ ਪਾਸੇ ਹਨ ਟੁੱਟੇ ਛੱਪਰ,
ਇਕ ਪਾਸੇ ਮਨ ਭਾਉਣ ਚੁਬਾਰੇ ।
ਇਕ ਦਰ ਰੁਲਣ ਕਬਾਬ ਪੂਰੀਆਂ,
ਇਕ ਦਰ ਭੁੱਖੇ ਰੁਲਣ ਬੇਚਾਰੇ ।
ਇਕ ਦਰ ਹੱਸਣ ਮੌਜਾਂ ਮਾਨਣ,
ਇਕ ਦਰ ਰੋਵਣ ਰੱਬ ਦੇ ਮਾਰੇ ।
ਇਕ ਦਰ ਸੁੱਕੇ ਟੁੱਕ ਨੂੰ ਤਰਸਣ,
ਇਕ ਦਰ ਅੰਨ ਦੇ ਭਰੇ ਭੰਡਾਰੇ ।
ਇਕ ਪਾਸੇ ਵਜੇ ਸ਼ਹਿਨਾਈ,
ਇਕ ਪਾਸੇ ਪਈ ਮੌਤ ਵੰਗਾਰੇ ।
ਇਕ ਪਾਸੇ ਕੋਈ ਨੱਕ ਨਾ ਧਰਦਾ,
ਇਕ ਪਾਸੇ ਦਿਲ ਖਿੱਚ ਨਜ਼ਾਰੇ ।
ਤੇਰੀ ਕੁਦਰਤ ਤੂਹੀਓਂ ਜਾਣੇਂ,
ਰੱਬਾ ਤੇਰੇ ਚੋਜ਼ ਨਿਆਰੇ ।

ਗ਼ਜ਼ਲ

ਸ਼ਮ੍ਹਾ ਆਜ਼ਾਦੀ ਦੇ ਪਰਵਾਨੇ ਆਪਣੇ ਪਰ ਸੜਵਾ ਗਏ ।
ਹਸ ਹਸ ਆਪਾ ਵਾਰ ਕੇ ਆਪਣਾ ਦੇਸ਼ ਆਜ਼ਾਦ ਕਰਾ ਗਏ ।
ਧੰਨ ਕੁਰਬਾਨੀ ਰਹਿੰਦੀ ਦੁਨੀਆਂ ਤੀਕਰ ਨਾਮ ਰਹੇਗਾ,
ਆਪਣੇ ਦੇਸ਼ ਦੀ ਖਾਤਰ ਹੱਸ ਹੱਸ ਜ਼ਿੰਦੜੀ ਘੋਲ ਘੁਮਾ ਗਏ ।
ਨਾਮ ਉਨ੍ਹਾਂ ਦਾ ਲੈ ਲੈ ਕੇ ਅੱਜ ਆਖੇ ਦੁਨੀਆਂ ਸਾਰੀ,
ਨਮਸਕਾਰ ਉਸ ਮੰਜ਼ਲ ਤਾਈਂ, ਜਿਸ ਮੰਜ਼ਲ ਨੂੰ ਪਾ ਗਏ ।
ਮੜ੍ਹੀਆਂ ਤੇ ਪਏ ਲਗਦੇ ਮੇਲੇ ਸਿਜਦੇ ਕਰੇ ਲੁਕਾਈ,
ਧੰਨ ਮਾਵਾਂ ਜਿਨ੍ਹਾਂ ਜਣੇ ਇਹ ਹੀਰੇ ਕੌਮ ਨੂੰ ਸਵਰਗ ਬਣਾ ਗਏ ।
ਉਹ ਖਿਡਾਰੀ ਮੌਤ ਪੁਜਾਰੀ, ਖੇਡ ਕੇ ਅਜਬ ਤਮਾਸ਼ਾ,
ਪਾ ਕੇ ਪਦਵੀ ਅਮਰ ਸ਼ਹੀਦੀ ਇਸ ਦੁਨੀਆਂ ਤੋਂ ਧਾ ਗਏ ।
ਰਹਿੰਦੀ ਦੁਨੀਆਂ ਤੀਕਰ ਚਮਕਣ ਦੇਸ਼ ਕੌਮ ਦੇ ਹੀਰੇ,
ਘਰ ਘਰ ਅੰਦਰ ਹਰ ਮਨ ਮੰਦਰ ਐਸੀ ਜੋਤ ਜਗਾ ਗਏ ।
'ਚਮਨ' ਦੇਸ਼ ਦੇ ਲੇਖੇ ਲਾ ਗਏ ਆਪਣੀ ਸੋਹਲ ਜਵਾਨੀ,
ਮੁਰਦਾ ਕੌਮ 'ਚ ਰੂਹ ਫੂਕਣ ਲਈ ਆਪਣੀ ਸ਼ਮ੍ਹਾ ਬੁਝਾ ਗਏ ।

ਯਾਦਾਂ ਦੇ ਰੁੱਖ ਹੇਠਾਂ

ਯਾਦਾਂ ਦੇ ਰੁੱਖ ਹੇਠਾਂ ਆਵਨ,
ਨਿੱਤ ਪਿਆਰ ਦੇ ਬੁੱਲ੍ਹੇ ।
ਧੂੜ ਹਿਜਰ ਦੀ ਅੰਦਰ ਮੇਰੇ,
ਲੱਪ ਲੱਪ ਅੱਥਰੂ ਡੁੱਲ੍ਹੇ ।

ਯਾਦਾਂ ਦੇ ਰੁੱਖ ਹੇਠਾਂ ਬੈਠੀ,
ਗੀਤ ਹਿਜਰ ਦੇ ਗਾਵਾਂ ।
ਇਸ ਰੁੱਖ ਦੀ ਮੈਂ ਟਾਹਣੀ ਦੇ ਨਾਲ,
ਪੀਂਘ ਮਿਲਣ ਦੀ ਪਾਵਾਂ ।

ਯਾਦਾਂ ਦੇ ਰੁੱਖ ਹੇਠਾਂ ਮੇਰੀ,
ਖੁਰ ਖੁਰ ਜਾਏ ਜਵਾਨੀ ।
ਸ਼ਾਲਾ ! ਮੈਨੂੰ ਇਸ ਰੁੱਖ ਹੇਠਾਂ,
ਮਿਲ ਜਾਏ ਦਿਲਬਰ ਜਾਨੀ ।

ਯਾਦਾਂ ਦੇ ਰੁੱਖ ਹੇਠਾਂ ਜਦ,
ਮੈਂ ਤੰਦ ਪਿਆਰ ਦੀ ਪਾਵਾਂ ।
ਦਿਲ ਵਿਚ ਉਠੇ ਤਰਬ ਅਨੋਖੀ,
ਕਸੀਆਂ ਜਾਣ ਤਣਾਵਾਂ ।

ਯਾਦਾਂ ਦੇ ਰੁੱਖ ਹੇਠਾਂ ਤਕਾਂ,
ਹਰ ਦਮ ਹਿਜਰ ਨਜ਼ਾਰੇ ।
ਇਸ ਰੁੱਖ ਹੇਠਾਂ ਡੁੱਲ੍ਹ ਡੁੱਲ੍ਹ,
ਮੇਰੇ ਅਥਰੂ ਹੋ ਗਏ ਖਾਰੇ ।

ਯਾਦਾਂ ਦੇ ਰੁੱਖ ਹੇਠਾਂ ਵਗਦੇ,
ਦੋ ਦਰਿਆ ਨਿਰਾਲੇ ।
ਇਸ ਰੁੱਖ ਹੇਠਾਂ ਬੈਠ ਕੇ,
ਜਿੰਦ ਨੇ ਸੌ ਸੌ ਜੱਫਰ ਜਾਲੇ ।

ਯਾਦਾਂ ਦੇ ਰੁੱਖ ਹੇਠਾਂ ਬੈਠੀ,
ਜਿੰਦੜੀ ਹਾਉਕੇ ਭਰਦੀ ।
ਆਸ ਮਿਲਣ ਦੀ ਧਾਰ ਕੇ ਹਰ ਦਮ,
ਜਾਪ ਸਜਨ ਦਾ ਕਰਦੀ ।

ਯਾਦਾਂ ਦੇ ਰੁੱਖ ਹੇਠਾਂ ਬੈਠੀ,
ਜਿੰਦੜੀ ਆਸ ਲਗਾ ਕੇ ।
ਆਣ ਮਿਲੇਗਾ 'ਚਮਨ' ਪਿਆਰਾ,
ਧਾ ਗਲਵਕੜੀ ਪਾ ਕੇ ।

ਪਵਿੱਤਰ ਜੋਤ

ਮੇਰੀ ਪ੍ਰੀਤ ਦੇ ਗਹਿਰੇ ਸਾਗਰ ਵਿੱਚ,
ਕੋਈ ਜੀਵਨ ਕਿਸ਼ਤੀ ਚੱਲ ਰਹੀ ਏ।
ਮੇਰੇ ਦਿਲ ਦੇ ਪ੍ਰੀਤ ਝਰੋਖੇ ਵਿੱਚ,
ਇਕ ਜੋਤ ਪਵਿੱਤਰ ਬਲ ਰਹੀ ਏ।
ਵਿਭਚਾਰੀ ਨਫਸੀ ਓ ਬੰਦੇ,
ਇਸ ਪ੍ਰੀਤ ਸ਼ਮ੍ਹਾ ਤੋਂ ਦੂਰ ਰਹੀਂ,
ਇਹ ਪਿਆਰ ਅਮੁੱਲੀ ਚਾਦੀ ਏ,
ਜੋ ਪ੍ਰੀਤ ਕੁਠਾਲੀ ਢਲ ਰਹੀ ਏ।

ਪੰਛੀ ਜੋਗੀ ਤੇ ਪ੍ਰਦੇਸੀ

ਪੰਛੀ ਜੋਗੀ ਤੇ ਪਰਦੇਸੀ,
ਦਸਦੇ ਕਦੋਂ ਠਿਕਾਣਾ।
ਤਾਹੀਓਂ ਇਹ ਨਾ ਜਾਣਦੇ,
ਕੀਕਣ ਪਿਆਰ ਨਿਭਾਣਾ।
ਊਠਾਂ ਵਾਲਿਆਂ ਦੀ ਹੈ ਅੜੀਏ,
ਇਨ੍ਹਾਂ ਵਾਂਗ ਕਹਾਣੀ,
ਨਾਲ ਇਨ੍ਹਾਂ ਦੇ ਲਾ ਨਾ ਬੈਠੀਂ,
ਭੁਲ ਕੇ, 'ਚਮਨ' ਯਰਾਨਾ।

ਗ਼ਜ਼ਲ

ਜੋ ਪੀਂਦੇ ਨੇ, ਜੋ ਪੀਂਦੇ ਨੇ, ਇਸ ਲਾਲਪਰੀ ਨੂੰ ਪੀਂਦੇ ਨੇ ।
ਗਲੀਆਂ ਦੇ ਕੱਖਾਂ ਵਾਂਗੂ ਉਹ, ਖੁਦ ਲੋਕੀਂ ਆਪ ਮਰੀਂਦੇ ਨੇ ।
ਵੇਖੀਂ ਤੂੰ ਭੁੱਲ ਕੇ ਜੀਵਨ ਨੂੰ, ਇਸ ਚੰਦਰੀ ਦੇ ਲੜ ਲਾਵੀਂ ਨਾ,
ਜੋ ਇਸ ਦੇ ਬਣੇ ਪੁਜਾਰੀ ਨੇ, ਨਾ ਮਰਦੇ ਨੇ ਨਾ ਜੀਉਂਦੇ ਨੇ ।
ਲੱਖਾਂ ਅਬਲਾਵਾਂ ਦੇ ਹੀਰੇ, ਮਿੱਟੀ ਵਿਚ ਇਸ ਮਿਲਾ ਛੱਡੇ,
ਜੋ ਇਸ ਦਾ ਜ਼ਹਿਰ ਕਬੂਲ ਰਹੇ, ਅਧਮੋਇਆਂ ਵਾਂਗੂ ਥੀਂਦੇ ਨੇ ।
ਬਰਬਾਦੀ ਦੇ ਇਸ ਘਰ ਅੰਦਰ, ਜੋ ਪੈਰ ਧਰਨ ਤੋਂ ਡਰਦੇ ਨਹੀਂ,
ਉਹ ਅਲ੍ਹੜ ਮੂਰਖ, ਅਣਜਾਣੇ, ਉਮਰਾਂ ਦੇ ਡੰਨ ਭਰੀਂਦੇ ਨੇ ।
ਨਿੱਤ ਸੁੰਨੀਆਂ ਹੋਵਣ ਲੱਖ ਗੋਦਾਂ, ਨਿੱਤ ਲੁੱਟੇ ਜਾਣ ਸੁਹਾਗ ਕਈ,
ਇਸ ਲਾਲ ਨਦੀ ਦੇ ਹੜ੍ਹ ਅੰਦਰ, ਲੱਖ ਜੋਬਨ ਨਿੱਤ ਹੜ੍ਹੀਂਦੇ ਨੇ ।
ਇਹ ਵੈਰਨ ਸੱਤਾਂ ਜਨਮਾਂ ਦੀ, ਮੂੰਹ ਲਗੀ ਕਹਿੰਦੇ ਛੁੱਟਦੀ ਨਾ,
ਜੋ ਇਸ ਦੇ ਆਦੀ ਬਣ ਜਾਂਦੇ, ਉਹ ਸੌ ਸੌ ਕਸ਼ਟ ਉਠੀਂਦੇ ਨੇ ।
ਲੱਖ 'ਚਮਨ' ਉਜੜਦੇ ਵੇਖੇ ਨੇ, ਜਿਸ ਜਿਸ ਥਾਂ ਇਸ ਦਾ ਵਾਸਾ ਏ,
ਉਹ ਲੋਕੀਂ ਨੀਰ ਵਹਾਉਂਦੇ ਨੇ, ਜੋ ਇਸ ਦਾ ਨੀਰ ਭਰੀਂਦੇ ਨੇ ।

ਗੀਤ

ਬਿਰਹਾ ਦੇ ਚਰਖੇ ਤੇ, ਕੱਤਾਂ ਪੂਣੀਆਂ ਦੁੱਖਾਂ ਦੀਆਂ ਸਾਂਈਆਂ ।
ਝੋਰਾ ਤੇਰੇ ਹਿਜਰਾਂ ਦਾ ਕਿਉਂ ਲੱਗੀਆਂ ਨਾ ਤੋੜ ਨਿਭਾਈਆਂ ।
ਮੇਰੇ ਕੋਲੋਂ ਡਰੇ ਪਰਛਾਵਾਂ ਮੇਰੇ ਬੁੱਤ ਦਾ ।
ਧਾਰਿਆ ਬਹਾਰ ਰੂਪ ਪੱਤਝੜ ਰੁੱਤ ਦਾ ।
ਰਾਤਾਂ ਕਾਲੀਆਂ ਜੁਦਾਈ ਬਣ ਛਾਈਆਂ !
ਬਿਰਹਾ ਦੇ ਚਰਖੇ ... ... ।

ਕੱਤੀਆਂ ਨਾ ਜਾਣ ਮੈਥੋਂ ਦੁੱਖਾਂ ਦੀਆਂ ਪੂਣੀਆਂ ।
ਜਿਉਂ ਜਿਉਂ ਕੱਤਾਂ ਹੋਣ ਤਿਉਂ ਤਿਉਂ ਦੂਣੀਆਂ ।
ਟੁੱਟੇ ਗਜਰੇ ਤੇ ਥੱਕੀਆਂ ਕਲਾਈਆਂ ।
ਬਿਰਹਾ ਦੇ ਚਰਖੇ ... ... ।

ਚਰਖੇ ਦੀ ਘੂਕ ਸੁਤੇ ਪਿਆਰ ਨੂੰ ਵੰਗਾਰਦੀ ।
ਵੇਖੀਂ ਕਿਤੇ ਲੰਘ ਜਾਏ ਰੁੱਤ ਨਾ ਬਹਾਰ ਦੀ ।
ਯਾਦਾਂ ਸੀਨੇ ਨਾਲ ਘੁੱਟ ਘੁੱਟ ਲਾਈਆਂ ।
ਬਿਰਹਾ ਦੇ ਚਰਖੇ ... ... ।

ਉਮਰਾਂ ਦੇ ਗ਼ਮਾਂ ਦੀ ਕਹਾਣੀ ਸੁਣੇ ਕੌਣ ਵੇ ।
ਹਿਜਰਾਂ ਦੀ ਭੱਠ ਵਿਚ ਸੜੇ ਠੰਡੀ ਪੌਣ ਵੇ ।
ਸੋਹਲ ਕਲੀਆਂ 'ਚਮਨ' ਕੁਮਲਾਈਆਂ ।
ਬਿਰਹਾ ਦੇ ਚਰਖੇ ਤੇ ਕੱਤਾਂ ਪੂਣੀਆਂ ਦੁੱਖਾਂ ਦੀਆਂ ਸਾਂਈਆਂ ।

ਧਰਤੀ ਗੀਤਾਂ ਦੀ

ਮੇਰਾ ਦੇਸ਼ ਪੰਜਾਬ ਧਰਤੀ ਗੀਤਾਂ ਦੀ ।
ਮਹਿਕੇ ਫੁੱਲ ਗੁਲਾਬ ਧਰਤੀ ਗੀਤਾਂ ਦੀ ।

ਮੈਂ ਹਾਂ ਉਸ ਧਰਤੀ ਦਾ ਵਾਸੀ, ਜਿਥੇ ਸਦਾ ਬਹਾਰਾਂ ।
ਭੰਗੜੇ ਪਾਵਣ ਗਭਰੂ ਜਿਥੇ, ਗਿਧੇ ਪਾਵਣ ਨਾਰਾਂ ।
ਘੂੰ ਘੂੰ ਘੂੰ ਘੂੰ ਘੂਕਣ ਚਰਖੇ ਡੁਲ੍ਹਦਾ ਪਏ ਸਬਾਬ ਧਰਤੀ ਗੀਤਾਂ ਦੀ ।
ਮੇਰਾ ਦੇਸ਼ ਪੰਜਾਬ ਧਰਤੀ ਗੀਤਾਂ ਦੀ ।

ਸਾਵਣ ਰੁੱਤੇ ਪੀਂਘ ਉਤੇ, ਹੁਸਨ ਲਵੇ ਅੰਗੜਾਈਆਂ ।
ਮਿਠੀ ਸੁਰ ਵਿਚ ਗੀਤ ਅਲਾਪਣ, ਧਰਤੀ ਮਾਂ ਦੀਆਂ ਜਾਈਆਂ ।
ਕੂ ਕੂ ਕੂ ਕੂ ਕੂਕਣ ਕੋਇਲਾਂ, ਅੰਬਰ ਉਡਣ ਉਕਾਬ ਧਰਤੀ ਗੀਤਾਂ ਦੀ ।
ਮੇਰਾ ਦੇਸ਼ ਪੰਜਾਬ ਧਰਤੀ ਗੀਤਾਂ ਦੀ ।

ਜਿਸ ਧਰਤੀ ਦੇ ਖੇਤਾਂ ਅੰਦਰ, ਫਸਲਾਂ ਲੈਣ ਹੁਲਾਰੇ ।
ਜਿਸ ਧਰਤੀ ਤੇ ਮਿਠੀ ਬੋਲੀ ਬੋਲਣ ਵੀਰ ਪਿਆਰੇ ।
ਛੂ ਛੂ ਛੂ ਛੂ ਛੂਕਣ ਨਦੀਆਂ ਗਾਵੇ ਗੀਤ ਚਨਾਬ ਧਰਤੀ ਗੀਤਾਂ ਦੀ ।
ਮੇਰਾ ਦੇਸ਼ ਪੰਜਾਬ ਧਰਤੀ ਗੀਤਾਂ ਦੀ ।

ਲੋਹੜੀ ਅਤੇ ਵਿਸਾਖੀ ਉਤੇ ਥਾਂ ਥਾਂ ਜੁੜਦੇ ਮੇਲੇ ।
ਗੀਤਾਂ ਦੇ ਨਾਲ ਗੂੰਜਣ ਕਿਧਰੇ ਸੁੰਦਰ ਜੰਗਲ ਬੇਲੇ ।
ਚੀਂ ਚੀਂ ਚੀਂ ਚੀਂ ਚਹਿਕਣ ਚਿੜੀਆਂ ਮਿਠੇ ਗੀਤ ਅਲਾਪ ਧਰਤੀ ਗੀਤਾਂ ਦੀ ।
ਮੇਰਾ ਦੇਸ਼ ਪੰਜਾਬ ਧਰਤੀ ਗੀਤਾਂ ਦੀ ।
ਮਹਿਕੇ ਫੁੱਲ ਗੁਲਾਬ ਧਰਤੀ ਗੀਤਾਂ ਦੀ ।

ਗੀਤ

ਟਾਹਣੀ ਉਤੇ ਖਿੜੀ ਕਲੀ ਏ ਪਿਆਰ ਦੀ ।
ਆ ਜਾ ਪਰਦੇਸੀ ਰੁੱਤ ਏ ਬਹਾਰ ਦੀ ।

ਵੇਖੀਂ ਕਿਤੇ ਮਿੱਟੀ ਵਿਚ ਰੋਲੀਂ ਨਾ ਸ਼ਬਾਬ ਮੇਰਾ ।
ਮੈਂ ਹਾਂ ਚੰਬੇਲੀ ਤੇਰੀ ਤੂੰ ਏ ਗੁਲਾਬ ਮੇਰਾ ।
ਕਦੋਂ ਤੀਕ ਰਹਾਂ ਹਿਜਰ ਸਹਾਰ ਦੀ ।
ਆ ਜਾ ਪਰਦੇਸੀ ... ... ।

ਕੱਲੀ ਵੇਖ ਕਲੀ ਤਾਈਂ ਭੌਰੇ ਪਾਉਣ ਫੇਰੀਆਂ ।
ਤੇਰੇ ਬਾਝੋਂ ਪੂਰੀਆਂ ਨਾ ਹੋਣ ਰੀਝਾਂ ਮੇਰੀਆਂ ।
ਰੂਪ ਦੇ ਵਪਾਰੀਆਂ ਨੂੰ ਮੈਂ ਵਾਜਾਂ ਮਾਰਦੀ ।
ਆ ਜਾ ਪਰਦੇਸੀ ... ... ।

ਮਹਿਕਿਆ ਹੁਸਨ ਵੇਖ ਮਹਿਕੀ ਕਾਇਨਾਤ ਵੇ ।
ਤਾਰਿਆਂ ਦੇ ਦੇਸ ਆਈ ਚੰਨ ਦੀ ਬਰਾਤ ਵੇ ।
'ਚਮਨ' ਤੇਰੇ ਉਤੋਂ ਰਹਾਂ, ਜਿੰਦ ਮੈਂ ਵਾਰ ਦੀ ।
ਆ ਜਾ ਪਰਦੇਸੀ ... ... ।

ਟਾਹਣੀ ਉਤੇ ਖਿੜੀ ਕਲੀ ਏ ਪਿਆਰ ਦੀ ।
ਆ ਜਾ ਪਰਦੇਸੀ ਰੁੱਤ ਏ ਬਹਾਰ ਦੀ ।

ਗੀਤ

ਬਿਰਹਾ ਨਾਗ ਪੁਕਾਰੇ,
ਪਿਆ ਡੰਗ ਹਿਜਰ ਦਾ ਮਾਰੇ ।
ਮੈਂ ਮਰ ਗਈ ਢੋਲਾ,
ਹਾਏ ਮੈਂ ਮਰ ਗਈ ਢੋਲਾ,
ਊਈ ਮੈਂ ਮਰ ਗਈ ਢੋਲਾ ।

ਏਸ ਨਾਗ ਨੇ ਡੰਗ ਚਲਾਇਆ,
ਰਹੀ ਸੁਰਤ ਨਾ ਕਾਈ ।
ਹਾੜਾ !. ਵੇ ਮੈਂ ਮਰ ਗਈ ਢੋਲਾ,
ਮੇਰੀ ਹਾਲ ਦੁਹਾਈ ।

ਇਹ ਐਸਾ ਹਿਜਰੀ ਕੀੜਾ,
ਮੇਰੀ ਵਧਦੀ ਜਾਵੇ ਪੀੜਾ,
ਮੈਂ ਮਰ ਗਈ ਢੋਲਾ,
ਹਾਏ ਮੈਂ ਮਰ ਗਈ ਢੋਲਾ ।
ਊਈ ਮੈਂ ... ...

ਵਿਸ ਹਿਜਰ ਦੀ ਚੜ੍ਹ ਚੜ੍ਹ,
ਮੇਰਾ ਰੰਗ ਹੋ ਗਿਆ ਨੀਲਾ ।
ਸੱਦੋ ਅੜੀਓ ਕੋਈ ਮਾਂਦਰੀ,
ਤੁਰਤ ਕਰੇ ਜੋ ਹੀਲਾ ।

ਇਸ ਵਿਸ ਨੇ ਸੁਰਤ ਭੁਲਾਈ,
ਮੇਰੀ ਜਾਨ ਲਬਾਂ ਤੇ ਆਈ,
ਮੈਂ ਮਰ ਗਈ ਢੋਲਾ,
ਹਾਏ ਮੈਂ ਮਰ ਗਈ ਢੋਲਾ।
ਉਈ ਮੈਂ ... ...

ਦਿਲ ਦੇ ਜਾਨੀ ਬਾਝੋਂ ਇਸ ਨੂੰ,
ਕੀਲ ਕੋਈ ਨਾ ਸਕੇ,
ਲੱਖ ਬਹਾਨੇ ਇਸ ਵਿਸੀਅਰ ਨੂੰ,
ਕੀਲ ਕੀਲ ਕੇ ਅੱਕੇ।

ਮੈਥੋਂ ਪੀੜ ਨਾ ਜਾਏ ਝੱਲੀ,
ਮੇਰੀ 'ਚਮਨ' ਜਵਾਨੀ ਚਲੀ,
ਮੈਂ ਮਰ ਗਈ ਢੋਲਾ,
ਹਾਏ ਮੈਂ ਮਰ ਗਈ ਢੋਲਾ।
ਉਈ ਮੈਂ ਮਰ ਗਈ ਢੋਲਾ।

ਗੀਤ

ਦੋ ਫੁਲ ਸੋਹਣੇ ਰੂਪ ਜਵਾਨੀ,
ਤੱਕੇ ਕੁੱਲ ਸੰਸਾਰ ।
ਜੀਵਤ ਰੱਖੇ ਇਨ੍ਹਾਂ ਤਾਈਂ,
ਦੁਨੀਆਂ ਦੇ ਵਿਚ ਪਿਆਰ ।

ਇਨ੍ਹਾ ਫੁੱਲਾ ਦੀ ਮਹਿਕ ਨਿਰਾਲੀ,
ਕਰਮਾਂ ਵਾਲਾ ਪਾਵੇ ।
ਇਨ੍ਹਾਂ ਫੁੱਲਾਂ ਤੋਂ ਕੁਦਰਤ ਰਾਣੀ,
ਜਿੰਦੜੀ ਘੋਲ ਘੁਮਾਵੇ ।

ਇਨ੍ਹਾ ਫੁੱਲਾਂ ਤੋਂ ਸਦਕੇ ਜਾਵੇ,
ਬਾਗੀਂ ਖਿੜੀ ਬਹਾਰ ।
ਦੋ ਫੁੱਲ ਸੋਹਣੇ ਰੂਪ ਜਵਾਨੀ... .. ... ।

ਇਹ ਫੁੱਲ ਨੇ ਹੰਸਾਂ ਦੀ ਜੋੜੀ,
ਪਿਆਰ ਨਦੀ ਵਿਚ ਤਰਦੇ ।
ਇਹ ਫੁੱਲ ਨੇ ਚੰਦ ਸੂਰਜ ਬਣ ਕੇ,
ਪਿਆਰ ਉਜਾਲਾ ਕਰਦੇ ।

ਨੈਣਾਂ ਨੂੰ ਨਸ਼ਿਆਵਣ ਇਹ ਫੁੱਲ,
ਨੈਣੀ ਚੜ੍ਹੇ ਖੁਮਾਰ ।
ਦੋ ਫੁੱਲ ਸੋਹਣੇ ਰੂਪ ਜਵਾਨੀ ... ... ।

ਇਹ ਫੁੱਲ ਰੱਬ ਦੀ ਰਹਿਮਤ ਬਣ ਕੇ,
ਦੁਨੀਆਂ ਦੇ ਵਿਚ ਆਉਂਦੇ ।
ਇਹ ਫੁੱਲ ਸਾਰੀ ਧਰਤੀ ਉਤੇ,
ਰੱਜ ਰੱਜ ਸੋਭਾ ਪਾਉਂਦੇ ।

ਇਨ੍ਹਾਂ ਫੁੱਲਾਂ ਦਾ,
ਕੋਈ ਵੀ ਬੰਦਾ, ਕਰ ਨਾ ਸਕੇ ਵਪਾਰ ।
ਦੋ ਫੁੱਲ ਸੋਹਣੇ ਰੂਪ ਜਵਾਨੀ ... . ।

ਪਿਆਰ 'ਚਮਨ' ਦੇ ਸੋਹਣੇ ਇਹ ਫੁੱਲ,
ਪਿਆਰ ਬਿਨਾ ਮੁਰਝਾਵਣ ।
ਪਿਆਰ ਦਾ ਪਾਣੀ ਜੇ ਮਿਲ ਜਾਵੇ,
ਪਿਆਰ ਪਿਆਰ ਹੋ ਜਾਵਣ ।
ਪਿਆਰ ਦੇ ਸਦਕੇ ਇਨ੍ਹਾਂ ਫੁੱਲਾਂ ਤੇ,
ਆਏ ਸਦਾ ਨਿਖਾਰ ।
ਦੋ ਫੁੱਲ ਸੋਹਣੇ ਰੂਪ ਜਵਾਨੀ
ਤੱਕੇ ਕੁਲ ਸੰਸਾਰ ।

ਗ਼ਜ਼ਲ

ਛੱਡ ਕੇ ਬੇਦਰਦੀ ਤੈਂ ਜਦ ਤੋਂ, ਦੁਨੀਆਂ ਨਵੀਂ ਵਸਾਈ ।
ਚੈਨ ਲੈਣ ਨਾ ਦੇਵੇ ਮੈਨੂੰ, ਤੇਰੀ 'ਚਮਨ' ਜੁਦਾਈ ।
ਜਦ ਵੀ ਝਾਤ ਪਵੇ ਬੀਤੇ ਵਲ, ਕਿਰ ਕਿਰ ਜਾਵਣ ਹੰਝੂ,
ਹਰ ਵਾਰੀ ਇੰਝ ਵਰਸ ਵਰਸ ਕੇ, ਹੰਝੂਆਂ ਝੜੀ ਲਗਾਈ ।
ਓ ਅਲਗਰਜ਼ੀ ਸਾਜਨ ਮੇਰੇ ਕਿਉਂ ਤੂੰ ਨਿਹੁੰ ਲਗਾਇਆ,
ਹੌਕੇ ਭਰ ਭਰ ਯਾਦ ਕਰਾਂ ਨਿੱਤ, ਤੁਝ ਬਿਨ ਕੌਣ ਸਹਾਈ ।
ਜਿਉਂ ਜਿਉਂ ਸਿਮਰਾਂ ਯਾਦ ਤੇਰੀ ਨੂੰ, ਪਿਆਰ ਦਾ ਭਾਂਬੜ ਮੱਚੇ,
ਮੈਨੂੰ ਇੰਝ ਸਤਾਵੇ ਸੱਜਨਾ, ਤੇਰੀ ਬੇ-ਵਫ਼ਾਈ ।
ਮੈਂ ਦਰਦਾਂ ਦੀ ਧੂਣੀ ਲਾ ਕੇ, ਰਾਹ ਤੇਰੀ ਵਿਚ ਬੈਠੀ,
ਮੈਨੂੰ ਆਵੇ ਸੇਕ ਹਿਜਰ ਦਾ, ਤੈਨੂੰ ਦਰਦ ਨਾ ਪਾਈ ।
ਹੁਸਨ, ਜਵਾਨੀ ਢਲ ਚਲ ਜਾਵਣ, ਕੀ ਦਮ ਦਾ ਭਰਵਾਸਾ,
ਇਹ ਦੋਵੇਂ ਮਹਿਮਾਨ ਪਲਾਂ ਦੇ, ਜਿਉਂ ਬਾਦਲ ਦੀ ਛਾਈ ।
ਆਖਰ ਇਕ ਦਿਨ ਉਡ ਕੇ ਰਹਿਣਾ ਪੰਛੀ ਏਸ 'ਚਮਨ' ਦਾ,
ਫਿਰ ਪਛਤਾਇਆਂ ਕੁਝ ਨਹੀਂ ਬਣਨਾ, ਕੰਬਦੀ ਰਹੂ ਕਲਾਈ ।

ਬਾਜਾਂ ਵਾਲੇ ਦੇ ਉਪਕਾਰ

ਬਾਜਾਂ ਵਾਲੇ ਦੇ ਕੌਣ ਗਿਣੇ ਉਪਕਾਰ।
ਕਲਗੀਆਂ ਵਾਲੇ ਦੇ ਕੌਣ ਗਿਣੇ ਉਪਕਾਰ।

ਟਹਿਕ ਪਈ ਪਟਨੇ ਦੀ ਧਰਤੀ, ਲਿਸ਼ਕੇ ਨਵੇਂ ਸਵੇਰੇ।
ਮਹਿਕ ਪਈ ਫੁਲਵਾੜੀ ਹਿੰਦ ਦੀ, ਮਹਿਕੇ ਚਾਰ ਚੁਫੇਰੇ।
ਸੁਣ ਕੇ ਦੁਖੀਆਂ ਦੀ, ਦਰਦਾਂ ਭਰੀ ਪੁਕਾਰ।
ਦੁਖ ਨਿਵਾਰਨ ਲਈ ਆਏ ਕਲਗੀਧਾਰ।
ਬਾਜਾਂ ਵਾਲੇ ਦੇ ... ...।

ਦਿੱਲੀ ਤੋਰ ਕੇ ਪਿਤਾ ਆਪਣਾ, ਦੇਸ਼ ਦੇ ਲੇਖੇ ਲਾਇਆ।
ਆਪਣਾ ਸਾਰਾ ਵੰਸ ਵਾਰ ਕੇ, ਹਿੰਦੂ ਧਰਮ ਬਚਾਇਆ।
ਵਾਰੀ ਮਾਂ ਗੁਜਰੀ, ਵਾਰੇ ਪੁੱਤਰ ਚਾਰ।
ਦੁਖ ਨਿਵਾਰਨ ਲਈ ਆਏ ਕਲਗੀਧਾਰ।
ਬਾਜਾਂ ਵਾਲੇ ਦੇ ... ...।

ਦਰਦਵੰਦਾਂ ਦੀ ਰਾਖੀ ਖਾਤਰ, ਖਾਲਸਾ ਪੰਥ ਸਜਾਇਆ।
ਚਿੜੀਆਂ ਕੋਲੋਂ ਬਾਜ ਤੁੜਾਏ, ਗਿਦੜੋਂ ਸ਼ੇਰ ਬਣਾਇਆ।
ਸੁੱਤੀ ਕੌਮ ਤਾਈਂ ਕੀਤਾ ਤੁਰਤ ਬੇਦਾਰ।
ਬਾਜਾਂ ਵਾਲੇ ਦੇ ... ...।

ਦੇਸ਼ ਕੌਮ ਦੇ ਲੇਖੇ ਲਾਈ, ਆਪਣੀ ਸੋਹਲ ਜਵਾਨੀ।
ਧੰਨ ਗੁਰੂ ਦਸਮੇਸ਼ ਪਿਤਾ ਜੀ, ਤੇਰੀ ਧੰਨ ਕੁਰਬਾਨੀ।
ਸੋਹਣੀ ਕਲਗੀ ਤੋਂ ਸਦਕੇ 'ਚਮਨ' ਬਹਾਰ।
ਦੁਖ ਨਿਵਾਰਨ ਲਈ ਆਏ ਕਲਗੀਧਾਰ।

ਬਾਜਾਂ ਵਾਲੇ ਦੇ ਕੌਣ ਗਿਣੇ ਉਪਕਾਰ।
ਕਲਗੀਆਂ ਵਾਲੇ ਦੇ ਕੌਣ ਗਿਣੇ ਉਪਕਾਰ।

ਗੀਤ

ਪਿਆਰ ਦੀ ਜੁਦਾਈ ਕਦੀ ਨਾ ਸਹਾਰ ਦੇ।
ਰੂਪ ਤੇ ਜਵਾਨੀ ਭੁੱਖੇ ਹਨ ਪਿਆਰ ਦੇ।
ਰੁੱਤ ਜਦੋਂ ਆਉਂਦੀ ਇਨ੍ਹਾਂ ਤੇ ਬਹਾਰ ਦੀ
ਖਿੜਦੇ ਤੇ ਹਸਦੇ।
ਦੁਨੀਆਂ 'ਚ ਮਹਿਕ ਵੰਡਦੇ ਪਿਆਰ ਦੀ
ਸਦਾ ਰਹਿਣ ਵਸਦੇ।
ਮਹਿਕਾਂ ਨਾਲ ਲਦੇ ਬੂਟੇ ਇਹ ਬਹਾਰ ਦੇ, ਭੁਖੇ ਹਨ ਪਿਆਰ ਦੇ।
ਪਿਆਰ ਦੀ ਜੁਦਾਈ ... ... ।

ਜੱਗ ਤਾਈਂ ਮਸਤੀ ਦੀ ਦਾਤ ਵੰਡਦੇ,
ਅੱਖੀਆਂ ਦੇ ਤਾਰੇ ਨੇ।
ਸ਼ਹਿਦ ਨਾਲੋਂ ਮਿਠੇ ਇਹ ਖਿਡਾਉਣੇ ਖੰਡ ਦੇ
ਲਗਦੇ ਪਿਆਰੇ ਨੇ।
ਚੰਨ ਨੂੰ ਚਕੋਰ ਬਣ ਕੇ ਪੁਕਾਰਦੇ, ਭੁਖੇ ਹਨ ਪਿਆਰ ਦੇ।
ਪਿਆਰ ਦੀ ਜੁਦਾਈ ... ... ।

ਰੂਪ ਤੇ ਜਵਾਨੀ ਮਾਣਦੇ ਬਹਾਰ ਨੂੰ
ਸਾਂਝੀ ਰੁੱਤ ਜਾਣ ਕੇ।
ਰੂਪ ਤੇ ਜਵਾਨੀ ਲੋਚਦੇ ਪਿਆਰ ਨੂੰ
ਸਾਂਝਾ ਬੁੱਤ ਜਾਣ ਕੇ।
ਸਸੀ ਵਾਂਗੋਂ ਥਲਾਂ ਵਿਚ ਜਿੰਦ ਵਾਰਦੇ, ਭੁਖੇ ਹਨ ਪਿਆਰ ਦੇ।
ਪਿਆਰ ਦੀ ਜੁਦਾਈ ... ... ।

ਪਿਆਰ ਬਿਨਾਂ ਜ਼ਿੰਦਗੀ ਅਧੂਰੀ ਇਨ੍ਹਾਂ ਦੀ
ਪਿਆਰ ਮਾਣ ਇਨ੍ਹਾਂ ਦਾ ।
ਪਿਆਰ ਬਿਨਾ ਪੈਂਦੀ ਨਾ ਹੈ ਪੂਰੀ ਇਨ੍ਹਾਂ ਦੀ,
ਪਿਆਰ ਤਾਣ ਇਨ੍ਹਾਂ ਦਾ ।
'ਚਮਨ' ਸੰਗੀਤ ਬਣਦੇ ਸਤਾਰ ਦੇ, ਭੁਖੇ ਹਨ ਪਿਆਰ ਦੇ ।
ਪਿਆਰ ਦੀ ਜੁਦਾਈ ਰੱਤੀ ਨਾ ਸਹਾਰਦੇ ।
ਰੂਪ ਤੇ ਜਵਾਨੀ ਭੁਖੇ ਹਨ ਪਿਆਰ ਦੇ ।

ਗੀਤ

ਪੰਜਾਬ ਦੀ ਧਰਤੀ ਦੇ ਸ਼ੇਰਾ, ਓ ਸਿੰਘਾ ਬੀਰ ਜਵਾਨਾ ।
ਦੱਸ ਕਿਥੇ ਤੇਰੀਆਂ ਸ਼ਾਨਾਂ ।

ਤੂੰ ਕਲਗੀਧਰ ਦਸਮੇਸ਼ ਪਿਤਾ ਦੀ ਭੁਲ ਗਿਓਂ ਕੁਰਬਾਨੀ
ਸਰਬੰਸ ਵਾਰਿਆ ਦੇਸ਼ ਦੀ ਖ਼ਾਤਰ ਵਾਰੀ ਸਰੂ ਜਵਾਨੀ
(ਜਿਸ) ਕਰਕੇ ਪੁੱਤਰ ਰੱਬ ਹਵਾਲੇ ਕੀਤਾ ਖੁਦ ਸ਼ੁਕਰਾਨਾ
ਪੰਜਾਬ ਦੀ ਧਰਤੀ ਦੇ ਸ਼ੇਰਾ ਓ ਸਿੰਘਾ ਬੀਰ ਜਵਾਨਾਂ
ਦੱਸ ਕਿਥੇ ਤੇਰੀਆਂ ਸ਼ਾਨਾਂ ।

ਦੋ ਫਾੜ ਹੋਏ ਚਰਖੀ ਤੇ ਚੜ੍ਹੇ ਅਰ ਬੰਦ ਬੰਦ ਕਟਵਾਏ
ਰੰਬੀਆਂ ਨਾਲ ਖੋਪਰ ਹੱਸ ਹੱਸ ਕੇ ਤੇਰੇ ਵੀਰਾਂ ਖੁਦ ਲੁਹਾਏ
ਸ਼ਮ੍ਹਾ ਆਜ਼ਾਦੀ ਖ਼ਾਤਰ ਹੱਸ ਕੇ ਸੜਿਆ ਹਰ ਪਰਵਾਨਾ
ਪੰਜਾਬ ਦੀ ਧਰਤੀ ਦੇ ਸ਼ੇਰਾ ਓ ਸਿੰਘਾ ਬੀਰ ਜਵਾਨਾ
ਦੱਸ ਕਿਥੇ ਤੇਰੀਆਂ ਸ਼ਾਨਾਂ ।

ਤੂੰ ਮਹਾਰਾਜਾ ਰਣਜੀਤ ਸਿੰਘ ਦੀ ਭੁਲਾ ਬੀਰ ਕਹਾਣੀ
ਜਿਦ੍ਹੇ ਯੋਧੇ ਫੂਲਾ ਸਿੰਘ ਤੇ ਸਨ ਨਲੂਏ ਜਿਹੇ ਬਲਵਾਨੀ
ਗਰਜ ਜਿਨ੍ਹਾਂ ਦੀ ਸੁਣ ਸੁਣ ਕੇ ਸੀ ਕੰਬਿਆ ਕੁਲ ਜ਼ਮਾਨਾ
ਪੰਜਾਬ ਦੀ ਧਰਤੀ ਦੇ ਸ਼ੇਰਾ ਓ ਸਿੰਘਾ ਬੀਰ ਜਵਾਨਾ
ਦੱਸ ਕਿਥੇ ਤੇਰੀਆਂ ਸ਼ਾਨਾਂ ।

ਤੂੰ ਭਗਤ ਸਿੰਘ' 'ਕਰਨੈਲ' 'ਸਰਾਭੇ' ਦਾ ਬਣ ਯਾਰ ਪਿਆਰਾ
ਤੂੰ ਊਧਮ ਸਿੰਘ ਦੇ ਵਾਂਗੂੰ ਕਰ ਕੁਰਬਾਨੀ ਵੇਖ ਨਜ਼ਾਰਾ
ਫਾਂਸੀ ਦੇ ਤਖ਼ਤੇ ਨੂੰ ਹੱਸ ਹੱਸ ਚੁੰਮਿਆਂ ਲਖ ਬਲਵਾਨਾਂ
ਪੰਜਾਬ ਦੀ ਧਰਤੀ ਦੇ ਸ਼ੇਰਾ ਓ ਸਿੰਘਾ ਬੀਰ ਜਵਾਨਾ
ਦੱਸ ਕਿਥੇ ਤੇਰੀਆਂ ਸ਼ਾਨਾਂ ।

ਅੱਜ ਬੋਤਲ ਦੇ ਲੇਖੇ ਲੱਗੀ ਤੇਰੀ ਜੀਵਨ ਰਾਸ਼ੀ
ਅੰਮ੍ਰਿਤ ਕੌੜਾ ਲਗੇ ਤੈਨੂੰ, ਜ਼ਹਿਰ ਦਾ ਤੂੰ ਅਭਿਲਾਸ਼ੀ
ਡਸ ਰਹੀ ਏ ਮਾਇਆ ਨਾਗਣ ਤੈਨੂੰ ਖ਼ਬਰ ਜ਼ਰਾ ਨਾ
ਪੰਜਾਬ ਦੀ ਧਰਤੀ ਦੇ ਸ਼ੇਰਾ ਓ ਸਿੰਘਾ ਬੀਰ ਜਵਾਨਾ
ਦੱਸ ਕਿਥੇ ਤੇਰੀਆਂ ਸ਼ਾਨਾਂ ।

ਹਰ ਪਾਸੇ ਅਜ ਦੇਸ਼ ਤੇਰੇ ਵਿਚ ਛਾਇਆ ਜ਼ੁਲਮ ਹਨੇਰਾ
ਚੋਰ ਬਾਜ਼ਾਰਾਂ ਵੱਢੀ ਖ਼ੋਰਾਂ ਥਾਂ ਥਾਂ ਲਾਇਆ ਡੇਰਾ
ਲੰਘ ਗਏ ਹੁਣ ਸਾਰੇ ਹੀਲੇ ਤੂੰ ਧੋਖੇ ਵਿਚ ਆ ਨਾ
ਪੰਜਾਬ ਦੀ ਧਰਤੀ ਦੇ ਸ਼ੇਰਾ ਓ ਸਿੰਘਾ ਬੀਰ ਜਵਾਨਾ
ਦੱਸ ਕਿਥੇ ਤੇਰੀਆਂ ਸ਼ਾਨਾਂ ।

ਤੂੰ ਸਿੱਖੀ ਦੇ ਬੂਟੇ ਤਾਈਂ ਪਾ ਖ਼ੂਨ ਦਾ ਪਾਣੀ
ਜੇ ਤੂੰ ਸੌਣਾ ਦੱਸ ਫਿਰ ਕਿਸ ਨੇ ਦੇਸ਼ ਦੀ ਲਾਜ ਬਚਾਣੀ
'ਚਮਨ' ਮਨੁਖਤਾ ਵਿਲਕ ਰਹੀ ਨੂੰ ਤੂੰਹੀਓਂ ਗਲੇ ਲਗਾਨਾ ।
ਪੰਜਾਬ ਦੀ ਧਰਤੀ ਦੇ ਸ਼ੇਰਾ ਓ ਸਿੰਘਾ ਬੀਰ ਜਵਾਨਾ ।
ਦੱਸ ਕਿਥੇ ਤੇਰੀਆਂ ਸ਼ਾਨਾਂ ।

ਗੀਤ

ਦੇਸ਼ ਮੇਰੇ ਨੂੰ ਲੁਟ ਰਹੇ ਹਨ ਪੂੰਜੀਦਾਰ, ਚੋਰ ਬਾਜ਼ਾਰ।
ਕਦ ਤੀਕਰ ਚਲੇਗਾ ਇਹ ਬਾਜ਼ਾਰ।
ਦੇਸ਼ ਮੇਰੇ ਦੇ ਲੋਕੋ ਖ਼ਬਰਦਾਰ।
ਕਾਲੇ ਧੰਨ ਦਾ ਵਣਜ ਕਦਾਚਿੱਤ ਅਸੀਂ ਹੋਣ ਨਹੀਂ ਦੇਣਾ।
ਬਿਸੀਅਰ ਵੱਢੀਖੋਰ ਦੇ ਸਿਰ ਨੂੰ ਨਾਲ ਅਕਲ ਦੇ ਫਿਹਣਾ।
ਉਠੋ ਵਕਤ ਵਿਚਾਰੋ ਜ਼ਿਮੀਦਾਰੋ, ਹੰਭਲਾ ਮਾਰੋ।
ਹੋਸ਼ਿਆਰ ! ਖ਼ਬਰਦਾਰ !!
ਕਦ ਤੀਕਰ ਚਲੇਗਾ ਇਹ ਬਾਜ਼ਾਰ।
ਦੇਸ਼ ਮੇਰੇ ਨੂੰ ਲੁਟ ਰਹੇ ... ...।

ਜਨਤਾ ਦੇ ਨੇ ਪੱਕੇ ਵੈਰੀ ਲੁਟ ਮਚਾਵਣ ਵਾਲੇ।
ਕਾਲਖ ਦਾ ਜੋ ਕਰਦੇ ਧੰਦਾ ਉਹ ਹਨ ਦਿਲ ਦੇ ਕਾਲੇ।
ਲੁੱਟ ਮਚਾਵਣ ਵਾਲੇ, ਦਿਲ ਦੇ ਕਾਲੇ, ਰਿਸਦੇ ਛਾਲੇ।
ਕਢੋ ਬਾਹਰ ! ਖ਼ਬਰਦਾਰ !!
ਕਦ ਤੀਕਰ ਚੱਲੇਗਾ ਇਹ ਬਾਜ਼ਾਰ।
ਦੇਸ਼ ਮੇਰੇ ਨੂੰ ਲੁਟ ਰਹੇ ... ...।

ਕਿਰਤੀ ਵੀਰੋ ਤੇ ਮਜ਼ਦੂਰੋ ਕਿਉਂ ਹੌਸਲਾ ਹਾਰੇ।
ਏਕੇ ਦੇ ਝੰਡੇ ਦੇ ਹੇਠਾਂ 'ਕਠੇ ਹੋ ਜਾਓ ਸਾਰੇ।
'ਚਮਨ' ਬਹਾਰ ਲਿਆਵੋ ਮਿਲ ਕੇ ਗਾਵੋ, ਕਿਰਤ ਕਮਾਵੋ,
ਭਰੋ ਭੰਡਾਰ ! ਖ਼ਬਰਦਾਰ।
ਕਦ ਤੀਕਰ ਚੱਲੇਗਾ ਇਹ ਬਾਜ਼ਾਰ।
ਦੇਸ਼ ਮੇਰੇ ਨੂੰ ਲੁੱਟ ਰਹੇ ਪੂੰਜੀਦਾਰ... ...।

ਕਵੀ ਅਤੇ ਬੁਰਕੇ ਵਾਲੀ

ਕਵੀ ਬੁਰਕੇ ਵਾਲੀ ਸੁੰਦਰੀ ਨੂੰ ਹੈਰਾਨ ਹੋ ਕੇ ਪੁੱਛਦਾ ਹੈ :

ਹੁਸਨ ਦਾ ਪੰਛੀ ਬੁਰਕੇ ਅੰਦਰ, ਕੀਤਾ ਕਿਉਂ ਗ੍ਰਿਫ਼ਤਾਰ।
ਹੁਸਨ ਦਾ ਪੰਛੀ ਉੱਚੇ ਅੰਬਰ, ਲਾਏ ਸਦਾ ਉਡਾਰ।
ਜੇ ਨਾ ਪਾੜ ਕੇ ਬੁਰਕਾ ਇਸ ਨੂੰ ਕੀਤਾ ਤੈਂ ਆਜ਼ਾਦ,
ਤੈਨੂੰ ਕਦੀ ਮੁਆਫ਼ ਕਰਨ ਨਾ, ਕਵੀ ਤੇ ਚਿੱਤਰਕਾਰ।

ਬੁਰਕੇ ਵਾਲੀ ਹੁਸੀਨਾ ਦਾ ਕਵੀ ਨੂੰ ਉਤਰ :

ਏਸ ਹੁਸਨ ਨੂੰ ਲਗ ਨਾ ਜਾਵੇ, ਕਿਧਰੇ ਤੱਤੀ 'ਵਾ।
ਏਸੇ ਲਈ ਮੈਂ ਬੁਰਕੇ ਅੰਦਰ, ਰਖਿਆ ਖੁਦ ਛੁਪਾ।
ਲੱਖਾਂ ਡਾਕੂ ਚੋਰ ਹੁਸਨ ਦੇ, ਸਦੀਆਂ ਤੋਂ ਪੱਤ ਲੁਟਣ
'ਚਮਨ' ਉਹ ਭੈੜੇ ਵੇਖ ਕੇ ਇਸ ਨੂੰ, ਕਰਨ ਨਾ ਤਰਸ ਜ਼ਰਾ।

ਵੇਸਵਾ ਦੀ ਮਜਬੂਰੀ

ਕਵੀ ਦੇ ਪ੍ਰਸ਼ਨ ਦਾ ਉੱਤਰ ਦਿੰਦੀ ਹੋਈ ਵੇਸਵਾ ਆਪਣੀ ਮਜਬੂਰੀ ਦਸਦੀ ਹੋਈ ਸਮਾਜ ਦੇ ਕੋਝੇ ਵਤੀਰੇ ਵਿਰੁਧ ਸ਼ਿਕਾਇਤ ਕਰਦੀ ਹੈ :

ਕਵੀ ਦੀਵਾਨੇ ਰਾਹ ਫੜ ਆਪਣਾ, ਤੂੰ ਕੀ ਆਇਆ ਕਹਿਣ।
ਚੰਦਰੇ ਇਸ ਸਮਾਜ ਨੇ ਮੈਨੂੰ, ਕਦੋਂ ਬਣਾਉਣਾ ਭੈਣ।
ਤਨ ਵੇਚਣ ਤੇ ਮੈਨੂੰ ਜਿਸ ਨੇ ਕੀਤਾ ਹੈ ਮਜਬੂਰ,
ਝੂਠੀ ਸ਼ੁਹਰਤ ਦਾ ਉਹ ਭੁਖਾ, ਮੈਨੂੰ ਆਖੇ ਡੈਣ।

ਚਾਂਦੀ ਦੀ ਮੰਡੀ ਵਿਚ ਮੇਰਾ, ਵਿਕਦਾ ਨਿੱਤ ਸਰੀਰ।
ਮੈਂ ਮਨੁਖਤਾ ਦਾ ਉਹ ਸਰਵਰ, ਜਿਸ ਦਾ ਗੰਧਲਾ ਨੀਰ।
ਹਾਰ ਸ਼ਿੰਗਾਰ ਦੇ ਬੁਰਕੇ ਅੰਦਰ, ਤਨ ਵੇਚਾਂ ਨਿੱਤ ਆਪਣਾ,
ਲੋਕੀਂ ਮੈਨੂੰ ਕਹਿਣ ਵੇਸਵਾ, ਮੈਂ ਅਬਲਾ ਦਿਲਗੀਰ।

ਮਰਦ ਦੀਆਂ ਵਧੀਕੀਆਂ ਦਾ ਮੈਂ ਸ਼ਿਕਾਰ।
ਗੁਨਾਹਾਂ ਦੀ ਗੰਦਗੀ ਦਾ ਮੈਂ ਭੰਡਾਰ।
ਮਜਬੂਰੀਆਂ ਮੈਨੂੰ ਬਣਾਇਆ ਵੇਸਵਾ।
ਮੈਂ ਹਾਂ ਕਿਸੇ ਸਾਜ਼ ਦੀ ਟੁਟੀ ਹੋਈ ਤਾਰ।

ਵੇਸਵਾ ਦਾ ਉਪਦੇਸ਼

ਵੇਸਵਾ : ਜਿਸ ਨੂੰ ਇਨਸਾਨ ਦੀਆਂ ਵਧੀਕੀਆਂ ਅਤੇ ਉਸ ਦੀਆਂ ਮਜਬੂਰੀਆਂ ਨੇ ਗੁਨਾਹਾਂ ਦੀ ਦਲਦਲ ਵਿਚ ਸੁਟ ਦਿਤਾ ਹੈ, ਇਨਸਾਨ ਨੂੰ ਨੇਕ ਰਾਹ ਤੇ ਚਲਣ ਦਾ ਉਪਦੇਸ਼ ਕਰਦੀ ਹੈ :

ਜਿਸ ਮੰਡੀ ਵਿਚ ਵਿਕਣ ਗੁਨਾਹ,
ਤੂੰ ਨਾ ਭੁਲ ਕੇ ਜਾਵੀਂ ।
ਸਾਂਭ ਕੇ ਰੱਖ ਜਵਾਨੀ ਸਜਨਾ,
ਦੇਸ਼ ਦੇ ਲੇਖੇ ਲਾਵੀਂ ।
ਜੋਬਨ ਗਿਆ ਨਾ ਮੁੜਕੇ ਆਉਣਾ,
ਇਹ ਹੀਰਾ ਅਣਮੁਲਾ ।
ਇਸ ਦੇ ਚਾਨਣ ਦੇ ਨਾਲ ਚੰਨਾ,
ਜੀਵਨ ਨੂੰ ਰੁਸ਼ਨਾਵੀਂ ।

ਗੁਲਾਬ ਦੇ ਫੁੱਲ ਤੋਂ ਉਪਦੇਸ਼

ਬਿਨਾ ਗਰਜ਼ ਤੋਂ ਵੰਡਾਂ ਮਹਿਕਾਂ, ਖਿੜ ਖਿੜ ਕੇ ਮੁਸਕਾਵਾਂ ।
ਧਾਰ ਕੇ ਰੂਪ ਅਤਰ ਦਾ ਸਜਨਾ, ਜੱਗ ਨੂੰ ਮਸਤ ਬਣਾਵਾਂ ।
ਜੀਵਨ ਤਾਈਂ ਬਖਸ਼ਾਂ ਖੇੜਾ, ਮੈਂ ਹਾਂ ਫੁਲ ਗੁਲਾਬੀ,
'ਚਮਨ' ਖਿੜਣ ਦੀ ਜਾਚ ਸਿਖਾ ਕੇ, ਚੁਪ ਕੀਤੇ ਟੁਰ ਜਾਵਾਂ ।

ਪ੍ਰੀਤਾਂ ਦੇ ਵਣਜਾਰੇ

ਕਵੀ ਨਦੀ ਤੋਂ ਪੁਛਦਾ ਹੈ :
ਸੱਚੀ ਗੱਲ ਸਮਝਾ ਦੇ ਨਦੀਏ,
ਹੜ ਤੈਨੂੰ ਕਿਉਂ ਪਿਆਰੇ।
ਸੁਚੀ ਤੇਰੀ ਪ੍ਰੀਤ ਇਨ੍ਹਾਂ ਸੰਗ,
ਪਰ ਇਹ ਢਾਉਣ ਕਿਨਾਰੇ।

ਨਦੀ ਦਾ ਉਤਰ :
ਢਾਉਣ ਕਿਨਾਰੇ ਐਪਰ ਕਰਦੇ,
ਨਾਮ ਮੇਰੇ ਨੂੰ ਰੌਸ਼ਨ,
ਪ੍ਰੀਤ ਦੀ ਟੁੱਭੀ ਲਾਵਣ ਜਿਸ ਦਮ,
ਪ੍ਰੀਤਾਂ ਦੇ ਵਣਜਾਰੇ।

ਜਦ ਜ਼ਿੰਦਗੀ ਮੁਸਕ੍ਰਾਉਂਦੀ ਹੈ

ਐਕੜਾਂ ਨੂੰ ਵੇਖ ਕੇ, ਜੋ ਮੁਸਕ੍ਰਾਉਂਦੀ ਜ਼ਿੰਦਗੀ।
ਉੱਚਾ ਰੁਤਬਾ ਜੱਗ ਤੇ, ਉਹ ਆਪ ਪਾਉਂਦੀ ਜ਼ਿੰਦਗੀ।
ਫਾਂਸੀਆਂ ਦੇ ਰਸਿਆਂ ਨੂੰ, ਚੁੰਮ ਕੇ ਜੋ ਹੱਸਦੀ,
ਮੌਤ ਵੀ ਕਰਦੀ ਸਲਾਮਾਂ, ਜਦ ਹੈ ਗਾਉਂਦੀ ਜ਼ਿੰਦਗੀ।

ਉਦਾਸ ਪੰਛੀ

ਕੈਦੀ ਪੰਛੀ ਵਿਚ ਉਦਾਸੀ, ਨਾ ਪੀਵੇ ਨਾ ਖਾਵੇ ।
ਮਿੱਠਾ ਖਾਣਾ ਸੁੰਦਰ ਪਿੰਜਰਾ, ਉਸ ਨੂੰ ਮੂਲ ਨਾ ਭਾਵੇ ।
ਬੀਤੀਆਂ ਯਾਦਾਂ ਕਰ ਕਰ ਚੇਤੇ, ਝੀਂਡੇ ਝਾੜ 'ਚਮਨ' ਦੇ
ਅੱਖੀਆਂ ਵਿਚੋਂ ਹੰਝੂ ਕੇਰੇ, ਨਾ ਬੋਲੇ ਨਾ ਗਾਵੇ ।

ਉਦਾਸ ਪੰਛੀ ਨੂੰ ਵੇਖ ਕੇ ਕਵੀ ਨੂੰ ਤਰਸ ਆ ਜਾਂਦਾ ਹੈ ਤੇ ਉਹ ਸ਼ਿਕਾਰੀ ਨੂੰ ਤਾੜਣਾ ਕਰਦਾ ਹੈ :

ਸੋਹਣੇ ਪੰਛੀ ਤਾਈਂ ਫੜਕੇ, ਕੈਦੀ ਕਿਉਂ ਬਣਾਇਆ ।
ਓ ਸ਼ਿਕਾਰੀ ਜ਼ਾਲਮ ਤੈਨੂੰ, ਤਰਸ ਰਤੀਂ ਨਹੀਂ ਆਇਆ ।

ਸ਼ਿਕਾਰੀ ਦਾ ਉਤਰ :

ਇਸ ਪੰਛੀ ਨਾਲ ਵੈਰ ਨਹੀਂ ਮੇਰਾ, ਆਖੀ ਗੱਲ ਸ਼ਿਕਾਰੀ,
ਰੂਪ ਇਹਦੇ ਤੇ ਲੱਟੂ ਹੋਇਆ, ਤਾਂ ਮੈਂ ਪਿੰਜਰੇ ਪਾਇਆ ।

ਕਵੀ ਮੁੜ ਸ਼ਿਕਾਰੀ ਨੂੰ :

ਰੋ ਰੋ ਪੰਛੀ ਹੰਝੂ ਕੇਰੇ, ਸੁਣ ਜ਼ਾਲਮ ਫਰਿਆਦ ।
ਖੋਲ੍ਹ ਕੇ ਖਿੜਕੀ ਪਿੰਜਰੇ ਦੀ ਤੂੰ, ਝਟ ਪਟ ਕਰ ਆਜ਼ਾਦ ।
ਰੂਪ ਤੇ ਜੀਵਨ ਰੱਬ ਨੇ ਦਿਤੇ, ਖੋਹ ਨਾ ਇਸ ਦੀਆਂ ਖ਼ੁਸ਼ੀਆਂ,
ਨਾਲ ਪਿਆਰ ਦੇ ਬਖ਼ਸ਼ ਆਜ਼ਾਦੀ, ਰਹੇ ਸਦਾ ਇਹ ਸ਼ਾਦ ।

ਕਵੀ ਦੀ ਤਾੜਣਾ-ਮਈ ਨਸੀਹਅਤ ਤੇ ਅਮਲ ਕਰਕੇ ਸ਼ਿਕਾਰੀ ਪੰਛੀ ਨੂੰ ਆਜ਼ਾਦ ਕਰ ਦੇਂਦਾ ਹੈ :

ਖਾ ਕੇ ਝਾੜ ਕਵੀ ਤੋਂ ਉਠਿਆ ਹੋ ਕੇ ਨਿਮੋਝੂਣਾ ।
ਕੰਬਿਆ ਦਿਲ ਸ਼ਿਕਾਰੀ ਦਾ ਝਟ ਖਾਧਾ ਇਕ ਹਲੂਣਾ ।
ਖੁਲ੍ਹੀ ਖਿੜਕੀ ਵੇਖ ਕੇ ਪੰਛੀ ਮਾਰੀ ਤੁਰਤ ਉਡਾਰੀ,
ਅੰਬਰ ਦੇ ਵਲ ਉਡਦਾ ਜਾਵੇ, ਜ਼ੋਰ ਲਗਾ ਕੇ ਦੂਣਾ ।

ਪ੍ਰਦੇਸੀ ਭਾਰਤੀਆਂ ਦੇ ਦਿਲ ਵਿਚ ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਅਮਰ-ਯਾਦ

(ਉਰਦੂ ਬੋਲੀ ਵਿਚ ਇਕ ਗੀਤ)

ਨਾ ਭੂਲ ਸਕੇ ਨਾ ਭੂਲੇਂਗੇ ਤੇਰੀ ਜੁਦਾਈ ਕੋ,
ਔਰ ਯਾਦ ਰਖੇਂਗੇ ਸਦਾ ਤੇਰੀ ਵਡਾਈ ਕੋ ।

ਕਾਨੋਂ ਮੇਂ ਗੂੰਜਤੀ ਰਹੇ, ਤੇਰੀ ਸਦਾ ਹਰ ਦਮ,
ਤੇਰੀ ਨਸੀਹਤ ਕੋ ਭੁਲਾਏਂਗੇ ਕਭੀ ਨਾ ਹਮ ।
ਦਾਮਨ ਮੇਂ ਥਾਮ ਰੱਖਾਂ, ਤੇਰੀ ਹਰ ਅੜਾਈ ਕੋ,
ਨਾ ਭੂਲ ਸਕੇ ਨਾ ਭੂਲੇਂਗੇ ਤੇਰੀ ਜੁਦਾਈ ਕੋ ।

ਹਮ ਹੈਂ ਅਮਾਨਤ ਵਤਨ ਕੀ ਤੂ ਨੇ ਸਿਖਾਇਆ ਯਿਹ,
ਤਨ ਮਨ ਔਰ ਧਨ ਵਤਨ ਕਾ ਤੂ ਨੇ ਬਤਾਇਆ ਯਿਹ ।
ਦਿਲ ਮੇਂ ਬਧਾ ਰੱਖਾ ਤੇਰੀ ਹਰ ਯਾਦ ਆਈ ਕੋ,
ਨਾ ਭੂਲ ਸਕੇ ਨਾ ਭੂਲੇਂਗੇ ਤੇਰੀ ਜੁਦਾਈ ਕੋ ।

ਹਮ ਤੋ ਦਰੀਂ-ਚਿਹ-ਸ਼ੱਕ ਵਤਨ ਸੇ ਦੂਰ ਬੈਠੇਂ ਹੈਂ,
ਪੂਛੇ ਕੋਈ ਦਿਲ ਸੇ, ਮਗਰ ਮਜਬੂਰ ਬੈਠੇਂ ਹੈਂ ।
ਘਰ ਆਜ਼ਮਾਏ ਸ਼ੌਕ ਸੇ, ਦਿਲ ਕੀ ਸਚਾਈ ਕੋ,
ਨਾ ਭੂਲ ਸਕੇ ਨਾ ਭੂਲੇਂਗੇ ਤੇਰੀ ਜੁਦਾਈ ਕੋ ।

ਤੂ ਖ਼ੂਬਸੂਰਤ ਫੂਲ ਥਾ ਭਾਰਤ ਕੇ ਬਾਗ਼ ਕਾ,
ਤੂ ਚਮਕਤਾ ਇਕ ਨੂਰ ਥਾ ਹਿੰਦ ਕੇ ਚਿਰਾਗ਼ ਕਾ ।
ਤੂ ਬੁਝ ਗਿਆ ਦੇਕਰ 'ਚਮਨ' ਕੀ ਰੌਸ਼ਨਾਈ ਕੋ,
ਨਾ ਭੂਲ ਸਕੇ ਨਾ ਭੂਲੇਂਗੇ ਤੇਰੀ ਜੁਦਾਈ ਕੋ ।

ਸ਼ਹੀਦ ਭਾਈ ਭੁੱਲਾ ਸਿੰਘ ਦੀ ਜੀਵਨ-ਝਾਕੀ

ਸੰਨ ਉਨੀ ਸੌ ਪੰਜ ਦੇ ਅੰਦਰ,
ਦਿਨ ਖ਼ੁਸ਼ੀਆਂ ਦਾ ਆਇਆ।
ਭਾਈ ਬਸੰਤ ਸਿੰਘ ਦੇ ਘਰ ਨੂੰ,
ਜਿਸ ਨੇ ਸਵਰਗ ਬਣਾਇਆ।
ਮਾਈ ਨਰੈਣੀ ਤਾਈਂ ਆ ਕੇ,
ਲੋਕੀਂ ਦੇਣ ਵਧਾਈਆਂ।
ਬਾਲਕ ਭੁੱਲਾ ਸਿੰਘ ਦਾ ਮੁਖੜਾ,
ਹਰ ਇਕ ਦੇ ਮਨ ਭਾਇਆ।

ਸੁੰਦਰ ਸਿੰਘ ਦਾ ਸੁੰਦਰ ਵੀਰਾ,
ਤਾਰਾ ਸਿੰਘ ਦਾ ਤਾਰਾ।
ਭੁੱਲਾ ਸਿੰਘ ਬਹਾਦਰ ਯੋਧਾ,
ਚਮਕਿਆ 'ਚਮਕ' ਨਿਆਰਾ।
ਕੋਟ ਫਤੂਹੀ ਭਾਗਾਂ ਵਾਲੀ,
ਜਿਸ ਨਗਰੀ ਦਾ ਜਾਇਆ।
ਭਾਰਤ ਦਾ ਨਾਂ ਰੌਸ਼ਨ ਕਰ ਗਿਆ,
ਬਣ ਕੇ ਅਮਰ ਸਿਤਾਰਾ।

ਛੇ ਸਾਲ ਦੀ ਉਮਰੇ ਇਸ ਨੂੰ,
ਪੜ੍ਹਣ ਸਕੂਲੇ ਪਾਇਆ।
ਪੜ੍ਹਣੇ ਅੰਦਰ ਇਸ ਬਾਲਕ ਨੇ,
ਡਾਢਾ ਮਨ ਚਿੱਤ ਲਾਇਆ।

ਭੁੱਲਾ ਸਿੰਘ ਨੇ ਉੱਦਮ ਕਰ ਕੇ,
ਕੀਤੀ ਖੂਬ ਪੜ੍ਹਾਈ।
ਕਵੀ ਬਣਨ ਦਾ ਸ਼ੌਕ ਤਦੋਂ ਫਿਰ,
ਇਸ ਦੇ ਮਨ ਵਿਚ ਆਇਆ।

ਉਰਦੂ ਅਤੇ ਗੁਰਮੁਖੀ ਲਿਖ ਕੇ,
ਬਣਿਆ ਕਵੀ ਪਿਆਰਾ।
ਲੱਗੀ ਔੜ ਦੇਸ਼ ਵਿਚ ਜਿਸ ਦਮ,
ਲਿਖਿਆਂ 'ਔੜ ਨਜ਼ਾਰਾ'।
ਛੰਦ-ਕੋਟੜੇ ਬੈਂਤ, ਕਬਿੱਤ ਤੇ,
ਲਿਖ ਲਿਖ ਸੁੰਦਰ ਦੋਹਰੇ।
'ਚਮਕ' ਤਖ਼ਲਸ ਰੱਖ ਕੇ ਆਪਣਾ,
ਲਿਖਿਆ ਸਾਹਿਤ ਭਾਰਾ।

ਬੱਕਰਾਂ ਦੀ ਧਰਤੀ ਦਾ ਜਾਇਆ,
ਬਣਿਆ ਦੇਸ਼ ਪੁਜਾਰੀ।
ਬਚਪਨ ਅੰਦਰ ਸਿਖੀ ਜਜ਼ਬਾ,
ਉਠਿਆ ਦਿਲ ਵਿਚ ਭਾਰੀ।
ਆਜ਼ਾਦੀ ਲਈ ਤੜਫਣ ਲਗਾ,
ਇਸ ਦੇ ਦਿਲ ਦਾ ਪੰਛੀ।
ਦੇਸ਼ ਦੀ ਖ਼ਾਤਰ ਮਿਟ ਜਾਵਣ ਲਈ,
ਪੱਕੀ ਦਿਲ ਵਿਚ ਧਾਰੀ।

ਧਰਿਆ ਕਦਮ ਜਵਾਨੀ ਅੰਦਰ,
ਮਾਤ ਪਿਤਾ ਹਰਸ਼ਾਏ।
ਭੁੱਲਾ ਸਿੰਘ ਦੀ ਸ਼ਾਦੀ ਉਤੇ,
ਵਾਜੇ ਖੂਬ ਵਜਾਏ।

ਪਿੰਡ ਵਿਹਾਲੇ ਅੰਦਰ ਇਸ ਦੀ,
ਗੱਜ ਬੱਜ ਕੀਤੀ ਸ਼ਾਦੀ।
ਮਾਈ ਨਰੈਣੀ ਵਾਰ ਕੇ ਪਾਣੀ,
ਰੱਜ ਰੱਜ ਸ਼ਗਨ ਮਨਾਏ।

ਭੁੱਲਾ ਸਿੰਘ ਦੀ ਜੀਵਨ ਸਾਥਣ,
ਭਾਗੋ ਭਾਗਾਂ ਵਾਲੀ।
ਸਹੁਰੇ ਘਰ ਨੂੰ ਸਵਰਗ ਬਣਾਇਆ,
ਕੀਤੀ ਦੂਰ ਕੰਗਾਲੀ।
ਇਸ ਪਰਵਾਰ ਦਾ ਜੱਸ ਪਏ ਗਾਵਣ,
ਪਿੰਡ ਦੇ ਲੋਕੀਂ ਸਾਰੇ।
ਖ਼ਾਲੀ ਮੁੜ ਕੇ ਜਾਏ ਨਾ ਕੋਈ,
ਦਰ ਤੇ ਖੜਾ ਸਵਾਲੀ।

'ਬਾਗ਼ ਗੁਰੂ ਕੇ', ਅੰਦਰ ਲਗਾ,
ਜਦੋਂ ਮੋਰਚਾ ਭਾਰੀ।
ਭੁੱਲਾ ਸਿੰਘ ਨੇ ਨਾਲ ਜਥੇ ਦੇ,
ਕੀਤੀ ਤੁਰਤ ਤਿਆਰੀ।
ਕੁਰਬਾਨੀ ਦਾ ਜ਼ਜਬਾ,
ਇਸ ਦੇ ਦਿਲ ਵਿਚ ਠਾਠਾਂ ਮਾਰੇ।
ਇਸ ਮੋਰਚੇ ਅੰਦਰ ਰੱਖੀ,
ਮੂਲ ਨਾ ਜਾਨ ਪਿਆਰੀ।

ਬਬਰ ਅਕਾਲੀ ਕੇਸ ਦੇ ਅੰਦਰ,
ਹੋਇਆ ਫਿਰ ਗ੍ਰਿਫ਼ਤਾਰ।
ਇਸ ਸ਼ੇਰ ਨੇ ਬਣ ਕੇ ਕੈਦੀ,
ਕੱਟੀਆਂ ਬਰਸਾਂ ਚਾਰ।

ਸੈਸ਼ਨ ਜੱਜ ਦੀ ਕੋਰਟ ਵਿਚੋਂ,
ਸਿੰਘ ਬਰੀ ਜਦ ਹੋਇਆ।
ਪਾਏ ਚਾਲੇ ਘਰ ਆਪਣੇ ਨੂੰ,
ਪਹੁੰਚਾ ਵਿਚ ਪਰਵਾਰ।

ਬੀਬੀ ਭਾਗੋ ਪੇਕੀਂ ਬੈਠੀ,
ਸੌ ਸੌ ਸ਼ੁਕਰ ਮਨਾਵੇ।
ਰੱਬ ਨੇ ਗੋਦੀ ਲਾਲ ਬਖਸ਼ਿਆ,
ਵੇਖ ਵੇਖ ਹਰਸ਼ਾਵੇ।
ਪਿੰਡ ਤ੍ਰਿਹਾਲੇ ਤੋਂ ਖ਼ੁਸ਼ੀਆਂ ਦਾ,
ਲੈ ਕੇ ਸੁੱਖ ਸੁਨੇਹੜਾ।
ਕੋਟ ਫਤੂਹੀ ਦੇ ਵਲ ਲਾਗੀ,
ਆਪਣੇ ਕਦਮ ਵਧਾਵੇ।

ਲਾਗੀ ਜਿਸ ਦਮ ਜਾ ਕੇ ਪੁੱਜਾ
ਕੋਟ ਫਤੂਹੀ ਨਗਰੀ।
ਭੁੱਲਾ ਸਿੰਘ ਨੂੰ ਆਣ ਸੁਣਾਈ,
ਬਾਲਕ ਦੀ ਖ਼ੁਸ਼ਖ਼ਬਰੀ।
ਭਾਈ ਬਸੰਤ ਸਿੰਘ ਅਤੇ ਨਰੈਣੀ,
ਮਾਈ ਨੂੰ ਚਾ ਚੜ੍ਹਿਆ।
ਮੁਖ ਪੋਤਰੇ ਦਾ ਵੇਖਣ ਲਈ,
ਵੱਧ ਗਈ ਬੇਸਬਰੀ।

ਘੜੀ ਸੁਲੱਖਣੀ ਨੇ ਘੁੰਡ ਚੁਕਿਆ,
ਬਿਖਰੇ ਖ਼ੁਸ਼ੀਆਂ ਹਾਸੇ।
ਮਾਈ ਨਰੈਣੀ ਭਰ ਭਰ ਥਾਲੀ,
ਵੰਡਦੀ ਫਿਰੇ ਪਤਾਸੇ।

ਭਾਈ ਬਸੰਤ ਸਿੰਘ ਦੇ ਵਿਹੜੇ,
ਖਿੜੀ ਬਸੰਤ ਨਿਰਾਲੀ।
ਖ਼ੁਸ਼ੀਆਂ ਨੇ ਅੱਜ ਝੜੀ ਲਗਾਈ,
ਰੌਣਕ ਸੀ ਹਰ ਪਾਸੇ।

ਸਿਵਲ ਨਾ ਫ਼ਰਮਾਨੀ ਦੀ,
ਜਦ ਲਹਿਰ ਜ਼ੋਰ ਤੇ ਚੱਲੀ।
ਭੁੱਲਾ ਸਿੰਘ ਦੇ ਸੀਨੇ ਅੰਦਰ,
ਅੱਗ ਜੋਸ਼ ਦੀ ਬੱਲੀ।
ਸ਼ਾਹਰਗ ਦਾ ਹੁਣ ਖ਼ੂਨ ਬਹਾਏ,
ਬਿਨ, ਨਾ ਮਿਲੇ ਆਜ਼ਾਦੀ।
ਕੁਰਬਾਨੀ ਦੇ ਜਜ਼ਬਿਆ ਨੇ ਅੱਜ,
ਰਾਹ ਸਿਦਕ ਦੀ ਮੱਲੀ।

ਤਿੰਨ ਚਾਰ ਦਿਨ ਇਸ ਟੱਬਰ ਨੇ,
ਖ਼ੁਸ਼ੀਆਂ ਵਿਚ ਲੰਘਾਏ।
ਪਰ ਛੇਤੀ ਹੀ ਇਸ ਘਰ ਅੰਦਰ,
ਗ਼ਮੀਆਂ ਡੇਰੇ ਲਾਏ।
ਕੀ ਪਤਾ ਏ ਪੁੱਤਰ ਦਾ ਮੁੱਖ,
ਵੇਖ ਨਹੀਂ ਮੈਂ ਸਕਣਾ।
ਭੁੱਲਾ ਸਿੰਘ ਅੱਜ ਲੰਬੀਆਂ ਸੋਚਾਂ,
ਮਨ ਵਿਚ ਪਿਆ ਦੁੜਾਏ।

ਦਫ਼ਾ ਇੱਕ ਸੌ ਸੱਤ ਮਾਤਹਿਤ,
ਪਲੇ ਪਈ ਜੁਦਾਈ।
ਸੰਨ ਉੱਨੀ ਸੌ ਤੀਹ ਦਾ,
ਜਿਸ ਦਮ ਚੜ੍ਹਿਆ ਮਾਸ ਜੁਲਾਈ।

ਸ਼ੁਕਰਵਾਰ ਗਿਆਰਾਂ ਤਿੱਥ ਨੂੰ,
ਦਿਨ ਦੇ ਸਿਖਰ ਦੁਪਹਿਰੇ।
ਕੋਟ ਫਤੂਹੀ ਅੰਦਰ, ਚੜ੍ਹ ਕੇ,
ਆ ਗਈ, ਗੋਰਾ ਸ਼ਾਹੀ।

ਮੁੜ ਕੇ ਫੇਰ 'ਚਮਕ' ਨੂੰ ਦੁਸ਼ਟਾਂ,
ਹਵਾਲਾਤ ਵਿਚ ਪਾਇਆ।
ਤੇਈ ਜੁਲਾਈ ਤੀਹ ਸੰਨ ਅੰਦਰ,
ਕੈਦ ਦਾ ਹੁਕਮ ਸੁਣਾਇਆ।
ਇਕ ਸਾਲ ਦੀ ਕੈਦ ਸੁਣਾ ਕੇ,
ਡਕਿਆ ਜਿਹਲ ਜਲੰਧਰ।
ਸੁਣ ਕੇ ਹੁਕਮ ਫ਼ਰੰਗੀ ਦਾ,
ਇਹ ਸਿੰਘ ਜੋਸ਼ ਵਿਚ ਆਇਆ।

ਅਗਲੀ ਭਲਕੇ ਇਸ ਜਿਹਲ ਚੋਂ,
ਕੈਦੀਆਂ ਪਾਏ ਚਾਲੇ।
ਅਟਕ ਜਿਹਲ ਨੂੰ ਹੋਏ ਰਵਾਨਾ,
ਭੁੱਲਾ ਸਿੰਘ ਵੀ ਨਾਲੇ।
ਕੀਤਾ ਗਿਆ ਚਲਾਨ ਸਿੰਘਾਂ ਦਾ,
ਹੱਥੀਂ ਲਾ ਹੱਥਕੜੀਆਂ।
ਡੋਲੇ ਨਾ ਦਸਮੇਸ਼ ਦੁਲਾਰੇ,
ਕਰ ਕੇ ਜਿੰਦ ਹਵਾਲੇ।

ਪੱਚੀ ਸੱਤ ਉਨੀ ਸੌ ਤੀਹ,
ਤੇ ਦਿਨ ਸੀ ਸ਼ੁਕਰਵਾਰ।
ਸਾਵਣ ਦੀ ਤਿਖੀ ਡਾਢੀ ਧੁੱਪ,
ਰਹੀ ਸੀ ਕਹਿਰ ਗੁਜ਼ਾਰ।

ਅਟਕ ਸ਼ਹਿਰ ਦੀ ਕੈਂਮ ਜਿਹਲ ਵਿਚ,
ਪੁਜੇ ਦੇਸ਼ ਦੀਵਾਨੇ।
ਕਹਿਰ ਕਮਾਓਣੋਂ ਮੂਲ ਨਾ ਸੰਗੀ,
ਜ਼ਾਲਮ ਦੀ ਸਰਕਾਰ।

ਅਟਕ ਜਿਹਲ ਦੇ ਕੈਦੀਆਂ ਦੀ,
ਮੈਂ ਦੱਸਾਂ ਦਰਦ ਕਹਾਣੀ।
ਕਰ ਕਰ ਯਾਦ ਜ਼ੁਲਮ ਦੀ,
ਜਾਵੇ, ਅੱਖੀਆਂ ਵਿਚੋਂ ਪਾਣੀ।
ਭੁੱਖ ਨਿਭਾਣੇ ਕੈਦੀਆਂ ਦੀ ਸੀ,
ਹੁੰਦੀ ਮਾਰ ਕੁਟਾਈ।
ਗੋਰੇ ਹਾਕਮ ਕਰ ਰਹੇ ਸਨ,
ਰੱਜ ਰੱਜ ਕੇ ਮਨ ਮਾਣੀ।

ਦੀਵਾਨੇ ਆਜ਼ਾਦੀ ਦੇ,
ਨਾ ਹਰਗਿਜ਼ ਮੌਤੋਂ ਡਰਦੇ।
ਜ਼ਾਲਮ ਜ਼ੁਲਮ ਕਮਾਏ ਐਪਰ,
ਹੱਸ ਹੱਸ ਦੁਖੜੇ ਜਰਦੇ।
ਸਿਦਕੋਂ ਮੂਲ ਨਾ ਡੋਲੇ ਸੂਰੇ,
ਵੇਖ ਦੁਖਾਂ ਦੇ ਝੋਲੇ।
ਮੰਜ਼ਲ ਦੇ ਵਲ ਵਧਦੇ ਜਾਵਣ,
ਜਾਪ ਇਲਾਹੀ ਕਰਦੇ।

ਭੁੱਲਾ ਸਿੰਘ ਨੂੰ ਅਟਕ ਜਿਹਲ ਵਿਚ,
ਹੋਏ ਪੰਜ ਦਿਨ ਪੂਰੇ।
ਪੇਚਸ਼ ਦੀ ਬੀਮਾਰੀ ਲੱਗੀ,
ਸੁਪਨੇ ਰਹੇ ਅਧੂਰੇ।

ਕਾਇਆ ਬੇਸ਼ਕ ਹੋਈ ਨਿਤਾਣੀ,
ਪਰ ਦਿਲ ਸ਼ੇਰਾਂ ਵਾਲਾ।
ਦਰ ਤੇ ਢੁੱਕੀ ਮੌਤ ਵੇਖ ਕੇ,
ਸਿੰਘ ਪਿਆ ਅੱਜ ਘੂਰੇ।

ਜਿਉਂ ਬੀਤਦੇ ਦਿਨ ਤੇ ਘੜੀਆਂ,
ਵਧਦੀ ਗਈ ਬੀਮਾਰੀ।
ਭੁੱਲਾ ਸਿੰਘ ਸੀ ਅਣਖੀ ਯੋਧਾ,
ਹਿੰਮਤ ਮੂਲ ਨਾ ਹਾਰੀ।
ਨੀਮ ਹਕੀ.ਮ, ਕੰਪੋਡਰ ਦੀ,
ਅਣਗਹਿਲੀ ਦਾ ਸੀ ਸਿੱਟਾ।
ਲਗੇ ਦਸਤ ਕਹਿਰ ਦੇ ਸਿੰਘ ਨੂੰ,
ਹੱਸੇ ਮੌਤ-ਸ਼ਿਕਾਰੀ।

ਵਧਦੀ ਵੇਖ ਬੀਮਾਰੀ ਉਸ ਦੀ,
ਸਾਥੀ ਸਭ ਘਬਰਾਏ।
ਵੇਖ ਕੇ ਉਸ ਦੀ ਹਾਲਤ ਹਰ ਕੋਈ,
ਨੈਣੋਂ ਨੀਰ ਵਹਾਏ।
ਸਾਥੀ ਕੈਦੀ ਹਰ ਕੋਈ ਆਖੇ,
ਹਰ ਕੋਈ ਇਹ ਗੱਲ ਚਾਹੇ।
ਦੇ ਕੇ ਤੁਰਤ ਜ਼ਮਾਨਤ,
ਭੁੱਲਾ ਸਿੰਘ ਆਪਣੇ ਘਰ ਜਾਏ।

ਸਖ਼ਤ ਬੀਮਾਰੀ ਦੀ ਹਾਲਤ ਵਿਚ,
ਸਿੰਘ ਮੂਲ ਨਾ ਡੋਲੇ।
ਮੈਂ ਨਾ ਦਿਆਂ ਜ਼ਮਾਨਤ ਆਪਣੀ,
ਭੁੱਲਾ ਸਿੰਘ ਪਿਆ ਬੋਲੇ।

ਦੇਸ਼ ਦੇ ਲੇਖੇ ਲਾ ਦਿਆਂ ਜਿੰਦੜੀ,
ਮੈਂ ਹਾਂ ਦੇਸ਼ ਦੀਵਾਨਾ।
ਵਿਚ ਭੰਵਰ ਦੇ ਕਿਸ਼ਤੀ,
ਬੇਸ਼ਕ ਖਾਂਦੀ ਏ ਹਿਚਕੋਲੇ ।

ਜਿਸ ਧਰਤੀ ਦਾ ਮੈਂ ਹਾਂ ਜਾਇਆ,
ਉਸ ਨੂੰ ਦਾਗ਼ ਨਾ ਲਾਵਾਂ ।
ਦੇਸ਼ ਧਰਮ ਦੀ ਖ਼ਾਤਰ ਹੱਸ ਹੱਸ,
ਜਿੰਦੜੀ ਘੋਲ ਘੁਮਾਵਾਂ ।
ਜੀਵਣ ਸ਼ਮ੍ਹਾ ਆਜ਼ਾਦੀ ਦੇ,
ਪਰਵਾਨੇ ਪਰ ਸੜਵਾਉਂਦੇ।
ਖੜੀ ਦੁਆਰੇ ਮੌਤ ਵੇਖ ਕੇ,
ਘੁੱਟ ਘੁੱਟ ਜੱਫੀਆਂ ਪਾਵਾਂ ।

ਵੇਖ ਹੌਸਲਾ ਭੁੱਲਾ ਸਿੰਘ ਦਾ,
ਹੋਣੀ ਪਈ ਸ਼ਰਮਾਵੇ ।
ਜਾਮ ਸ਼ਹਾਦਤ ਪੀਣ ਲਈ,
ਸਿੰਘ ਅਗੇ ਕਦਮ ਵਧਾਏ ।
ਮਰਨੇ ਦਾ ਨਾ ਭੈ ਹੁਣ ਦਿਲ ਵਿਚ,
ਜੀਵਨ ਦੀ ਨਹੀਂ ਚਿੰਤਾ।
ਸੋਹਣੀ ਵਾਂਗੂ ਮੌਤ-ਝਨਾ ਵਿਚ,
ਆਸ਼ਕ ਤਾਰੀ ਲਾਵੇ ।

ਭਾਈ ਈਸ਼ਰ ਸਿੰਘ ਕੈਦੀ ਨੇ,
ਰੱਜ ਰੱਜ ਸੇਵ ਕਮਾਈ ।
ਪਰ ਭਾਈ ਭੁੱਲਾ ਸਿੰਘ ਤਾਈਂ,
ਫ਼ਰਕ ਪਿਆ ਨਾ ਰਾਈ ।

ਦਿਨ ਦਿਨ ਵਧਦੀ ਗਈ ਬੀਮਾਰੀ,
ਅੰਤ ਸਮਾਂ ਸੀ ਆਇਆ।
ਤਾਰਾ ਸਿੰਘ ਵੀ ਪਹੁੰਚ ਗਿਆ ਸੀ,
ਉਸ ਦਾ ਛੋਟਾ ਭਾਈ।

ਤਾਰਾ ਸਿੰਘ ਤੇ ਈਸ਼ਰ ਸਿੰਘ ਦਾ,
ਚਲਿਆ ਨਾ ਕੋਈ ਚਾਰਾ।
ਆਈ ਮੌਤ ਨਾ ਟਲਦੀ ਸਜਨੋਂ,
ਵਜਦਾ ਕੂਚ ਨਗਾਰਾ।
ਮੱਛੀ ਵਾਂਗੂ ਤੜਫ ਤੜਫ ਕੇ,
ਸਿੰਘ ਨੇ ਪਾਏ ਚਾਲੇ,
ਸਭੇ ਕੈਦੀ ਵੇਖ ਰਹੇ ਸਨ,
ਅੱਖੀਂ ਮੌਤ ਨਜ਼ਾਰਾ।

ਪੱਚੀ ਸਾਲ ਦੀ ਉਮਰੇ,
ਵਾਰੀ ਦੇਸ਼ ਲਈ ਜ਼ਿੰਦਗਾਨੀ।
ਬਾਂਕਾ ਗੱਭਰੂ ਪਾ ਗਿਆ ਚਾਲੇ,
ਵਾਰ ਕੇ ਸਰੂ ਜਵਾਨੀ।
ਭੁੱਲਾ ਸਿੰਘ ਦਾ ਭੌਰ ਵਜੂਦੋਂ,
ਉਡਿਆ ਮਾਰ ਉਡਾਰੀ,
'ਚਮਨ' ਸਵਰਗੀਂ ਲਾਏ ਡੇਰੇ,
ਛੱਡ ਕੇ ਦੁਨੀਆਂ ਫਾਨੀ।

ਢਲੀ ਦੁਪਹਿਰ ਤਿੰਨ ਵਜੇ ਸਨ,
ਸ਼ਨੀਵਾਰ ਦਿਨ ਭਾਰਾ।
ਭਾਰਤ ਦੇ ਅੰਬਰ ਤੋਂ ਜਿਸ ਦਮ,
ਟੁਟਿਆ ਤੇਜ਼ ਸਿਤਾਰਾ।

ਅਗਸਤ ਮਹੀਨੇ ਦੀ ਤਿੱਥ ਪੰਦਰਾਂ,
ਸੰਨ ਉੱਨੀ ਸੌ ਤੀਹ ਨੂੰ ।
ਅਟਕ ਜਿਹਲ ਦੇ ਹਸਪਤਾਲ ਵਿਚ,
ਛਾਇਆ ਧੰਦੂ ਕਾਰਾ ।

ਸੂਰਜ ਦੇ ਡੁੱਬਣ ਤੋਂ ਪਹਿਲਾਂ,
ਅਰਥੀ ਗਈ ਉਠਾਈ ।
ਗਿਆਰਾਂ ਕੈਦੀਆਂ ਅਟਕ ਕਿਨਾਰੇ,
ਪੁਜ ਕੇ, ਚਿਖਾ ਬਣਾਈ ।
ਭੁੱਲਾ ਸਿੰਘ ਦੀ ਪਾਵਨ ਦੇਹ ਨੂੰ,
ਉਸ ਦੇ ਵਿਚ ਟਿਕਾ ਕੇ ।
ਤਾਰਾ ਸਿੰਘ ਨੇ ਆਪਣੇ ਹੱਥੀਂ,
ਅੱਗ ਚਿਖਾ ਨੂੰ ਲਾਈ ।

ਪੁੱਤਰ ਦਾ ਮੁਖ ਵੇਖ ਨਾ ਸਕਿਆ,
ਭੁੱਲਾ ਸਿੰਘ ਦੀਵਾਨਾ ।
ਜਾਮ ਸ਼ਹਾਦਤ ਪੀ ਗਿਆ ਹੱਸ ਹੱਸ,
ਲਾ ਕੇ ਮੌਤ ਬਹਾਨਾ ।
"ਐਸੀ ਮਰਨੀ ਜੋ ਮਰੈ,
ਬਹੁਰ ਨਾ ਮਰਨਾ ਹੋਇ ।"
'ਚਮਨ' ਸ਼ਹੀਦ 'ਚਮਕ' ਨੂੰ ਹਰਦਮ,
ਰੱਖੇ ਯਾਦ ਜ਼ਮਾਨਾ ।

ਵੱਡੇ ਵੱਡੇ ਇਸ ਦੁਨੀਆਂ ਤੋਂ,
ਤੁਰ ਗਏ ਵਾਂਗ ਫ਼ਕੀਰਾਂ ।
ਰਾਜੇ ਰਾਣੇ ਰਹੇ ਨਾ ਕੋਈ,
ਛੱਡ ਗਏ ਮਿਲਖ ਜਗੀਰਾਂ ।

ਹਰ ਇਕ ਦੇ ਸਿਰ ਕਾਲ ਨਗਾਰਾ,
ਇਕ ਦਿਨ ਵਜ ਕੇ ਰਹਿਣਾ ।
ਰਾਜੇ, ਜੋਗੀ ਤੁਰ ਜਾਵਣਗੇ,
ਵਿਲਕਦੀਆਂ ਛੱਡ ਹੀਰਾਂ ।

ਦੇਸ਼ ਕੌਮ ਦੀ ਖ਼ਾਤਰ ਜਿਹੜਾ,
ਆਪਣਾ ਫ਼ਰਜ਼ ਪਛਾਣੇ ।
ਮਰਨ ਤੋਂ ਪਹਿਲਾਂ ਮਰਨੇ ਦੀ,
ਕੀਮਤ, ਜੋ ਬੰਦਾ ਜਾਣੇ ।
ਮੜ੍ਹੀਆਂ ਉਤੇ ਲਗਦੇ ਮੇਲੇ,
ਸਜਦੇ ਕਰੇ ਲੁਕਾਈ ।
ਉਸ ਨੂੰ ਰਹਿੰਦੀ ਦੁਨੀਆਂ ਤੀਕਰ,
ਪੂਜਣ ਲੋਕ ਸਿਆਣੇ ।

ਭਾਰਤ ਮਾਂ ਦੇ ਬੀਰੋ,
ਆਓ ਆਪਣਾ ਫ਼ਰਜ਼ ਨਿਭਾਈਏ ।
ਮਹਾਨ ਸ਼ਹੀਦਾਂ ਦੀਆਂ ਪੈੜਾਂ ਤੇ,
ਆਪਣੇ ਕਦਮ ਟਿਕਾਈਏ ।
ਚੋਰ ਬਾਜ਼ਾਰੀ ਭੁੱਖ ਨੰਗ ਨੂੰ,
ਦੇਈਏ ਦੇਸ਼ ਨਿਕਾਲਾ ।
'ਚਮਨ' ਸੱਚ ਦਾ ਜੀਵਨ ਜੀ ਕੇ,
ਦੇਸ਼ ਦਾ ਮਾਣ ਵਧਾਈਏ ।

ਚੇਤਾਵਨੀ

ਕੈਨੇਡਾ ਨਿਵਾਸੀ ਉਨ੍ਹਾਂ ਪੰਜਾਬੀ ਨੌਜਵਾਨਾਂ ਨੂੰ ਚੇਤਾਵਨੀ ਜੋ ਭੈੜੀਆਂ ਵਾਦੀਆਂ ਦੇ ਗ਼ੁਲਾਮ ਬਣ ਕੇ ਆਪਣਾ ਸਭ ਕੁਝ ਵਿਅਰਥ ਲੁਟਾ ਰਹੇ ਹਨ ।

ਓ ਪ੍ਰਦੇਸੀ ਵੀਰੋ !
ਆਪਣੇ ਦੇਸ਼ ਦਾ ਮਾਣ ਵਧਾਓ ।
ਭਾਰਤ ਮਾਂ ਦੀ, ਚਿੱਟੀ ਚਾਦਰ,
ਤਾਈਂ ਦਾਗ਼ ਨਾ ਲਾਓ ।
ਆਪਣੀ ਬੋਲੀ ਆਪਣੇ ਰਸਮ,
ਰਿਵਾਜਾਂ ਨੂੰ ਨਾ ਭੁਲੋ,
ਬਣ ਕੇ ਸੱਚੇ ਵਤਨ ਪੁਜਾਰੀ,
ਭਾਰਤ ਦੇ ਗੁਣ ਗਾਓ ।

ਮਾਨੁੱਖ ਦੇਹੀ ਮਿਲੀ ਹੈ ਸੋਹਣੀ,
ਗੰਦਗੀ ਵਿਚ ਨਾ ਪਾਓ ।
ਸਿਗਰਟ ਅਤੇ ਸ਼ਰਾਬ ਜ਼ਹਿਰ ਦੇ,
ਲਾਗੇ ਮੂਲ ਨਾ ਜਾਓ ।
ਭੰਗ ਅਫ਼ੀਮ ਤੇ ਚਰਸ ਨਾਲ,
ਨਾ ਕਾਇਆ ਤਾਈਂ ਗਾਲੋ,
ਘਰ ਆਏ ਮਹਿਮਾਨਾਂ ਤਾਈਂ,
ਕਦੀ ਨਾ ਜ਼ਹਿਰ ਪਲਾਓ ।

ਪੀਂਦੇ ਹਨ ਜੋ ਸਿਗਰਟ ਸ਼ਰਾਬਾਂ,
ਕਦੀ ਸੁਖੀ ਨਾ ਰਹਿੰਦੇ ।
ਕੈਂਸਰ, ਦਮੇ ਦੇ ਰੋਗੀ ਬਣ ਕੇ,
ਆਖ਼ਰ ਦੁਖੜੇ ਸਹਿੰਦੇ ।
ਕਪੜੇ ਅਤੇ ਸਰੀਰ ਉਨ੍ਹਾਂ ਦੇ,
ਮੁਸ਼ਕ ਮਾਰਦੇ ਹਰਦਮ,
ਸਵੱਸ਼ ਸਰੀਰਾਂ ਵਾਲੇ ਬੰਦੇ,
ਲਾਗੇ ਘੱਟ ਹੀ ਬਹਿੰਦੇ ।

ਮਾਰੂ ਜ਼ਹਿਰਾਂ ਪੀਂਦੇ ਹਨ ਜੋ,
ਝੁੱਗਾ ਚੌੜ ਕਰਾਉਂਦੇ ।
ਭੰਗ ਦੇ ਭਾੜੇ ਜੋਬਨ ਆਪਣਾ,
ਮਿੱਟੀ ਵਿਚ ਮਿਲਾਉਂਦੇ ।
ਮਾਣ, ਮਹੱਬਤ, ਇਜ਼ਤ ਤੇ ਸਿਹਤ,
ਪੱਲੇ ਕੁਝ ਨਾ ਰਹਿੰਦਾ,
ਰੋਗਾਂ ਦੇ ਵਿਚ ਫੱਸ ਕੇ ਮੂਰਖ,
ਕੀਤਾ ਆਪਣਾ ਪਾਉਂਦੇ ।

ਫਿਰ ਪਛਤਾਉਣੇ ਨਾਲੋਂ ਚੰਗਾ,
ਝੁੱਗਾ ਚੌੜ ਕਰਾਉਂਦੇ ।
ਮਨ ਦੇ ਬਣੋ ਗ਼ੁਲਾਮ ਨਾ ਵੀਰੋ,
ਮਨ ਪਾਪੀ ਨੂੰ ਮਾਰੋ ।
ਭੈੜੀ ਵਾਦੀ, ਭੈੜੀ ਸੰਗਤ,
ਛਡੋ ਭੈੜੇ ਕਾਰੇ,
'ਚਮਨ' ਨੇਕੀ ਦੇ ਰਸਤੇ ਚਲ ਕੇ,
ਜੀਵਨ ਭਾਈਂ ਗੁਜ਼ਾਰੋ ।

ਸ਼ਹੀਦ ਭਾਈ ਕਰਮ ਸਿੰਘ

ਪਾਵਨ ਧਰਤੀ ਤਾਈਂ,
ਮੇਰਾ, ਨਮਸਕਾਰ ਲਖ ਵਾਰੀ ।
ਜਿਸ ਤੇ ਪੈਦਾ ਹੋਏ ਅਨੇਕਾਂ,
ਦੇਸ਼ ਭਗਤ ਉਪਕਾਰੀ ।
ਕਿਵੇਂ ਗਿਣਾਂ ਉਪਕਾਰ ਉਨ੍ਹਾਂ ਦੇ,
ਮਿਟ ਗਏ ਦੇਸ਼ ਦੀ ਖ਼ਾਤਰ,
ਜਾਮ ਸ਼ਹਾਦਤ ਪੀ ਕੇ ਜਿਹੜੇ,
ਪਾ ਗਏ ਰੁੱਤਬਾ ਭਾਰੀ ।

ਚੜ੍ਹੇ ਅਨੇਕਾਂ ਫਾਂਸੀਆਂ ਉਤੇ,
ਚੁੰਮ ਚੁੰਮ ਹੱਥੀਂ ਰੱਸੇ ।
ਸੜ ਗਏ ਲੱਖਾਂ ਜਿਹਲਾਂ ਅੰਦਰ,
ਮੌਤ ਨਿਮਾਣੇ ਖੱਸੇ ।
ਆਜ਼ਾਦੀ ਦਾ ਮੁੱਲ ਤਾਰਿਆ,
ਦੇ ਕੇ ਆਪਣੀਆਂ ਜਾਨਾਂ,
ਧੰਨ ਸ਼ੇਰਾਂ ਦੇ ਜਿਗਰੇ,
ਜਿਹੜੇ ਮੌਤ ਵੇਖ ਕੇ ਹੱਸੇ ।

ਇਨ੍ਹਾਂ ਸ਼ਹੀਦਾਂ ਵਿਚੋਂ ਇਕ ਸਨ,
ਕਰਮ ਸਿੰਘ ਬਲਵਾਨੀ ।
ਜਿਨ੍ਹਾਂ ਨੇ ਦੇਸ਼ ਦੇ ਲੇਖੇ ਲਾਈ,
ਸੱਧਰਾਂ ਭਰੀ ਜਵਾਨੀ ।

ਐਸ਼ ਆਰਾਮ ਤਿਆਗ ਕੇ ਸਭੇ,
ਬਣਿਆ ਵਤਨ ਪੁਜਾਰੀ,
ਕੌਮਾਂ ਦੇ ਇਤਿਹਾਸਾਂ ਅੰਦਰ,
ਉਸ ਦੀ ਅਮਰ ਨਿਸ਼ਾਨੀ।

ਕੋਟ ਫਤੂਹੀ ਪਿੰਡ ਨੂੰ ਰੱਜਵੀਂ,
ਮਿਲੀ ਮਾਣ ਵਡਿਆਈ।
ਕਰਮ ਸਿੰਘ ਜਿਹੇ ਕੌਮ ਪਰਸਤਾਂ,
ਜਿਸ ਦੀ ਸ਼ਾਨ ਵਧਾਈ।
ਸੰਨ ਉੱਨੀ ਸੌ ਤਿੰਨ ਨੂੰ,
ਭਾਈ ਇੰਦਰ ਸਿੰਘ ਦੇ ਘਰ ਵਿਚ,
ਪੈਦਾ ਹੋਇਆ ਕਰਮ ਸਿੰਘ,
ਜਦ, ਖੁਸ਼ੀਆ ਝੜੀ ਲਗਾਈ।

ਅਮਰ ਸਿੰਘ ਤੇ ਕਰਮ ਸਿੰਘ ਸਨ,
ਦੋਵੇਂ ਬਾਲ ਅੰਞਾਣੇ।
ਬਾਲ ਪੁਣੇ ਵਿਚ ਨਿੱਕੀ ਜੋੜੀ,
ਘਰ ਵਿਚ ਖੁਸ਼ੀਆਂ ਮਾਣੇ।
ਅੱਤ ਗ਼ਰੀਬੀ ਦੇ ਦਿਨ ਇਨ੍ਹਾਂ,
ਨਾਲ ਸਬਰ ਦੇ ਕੱਟੇ,
ਮਾਤ ਪਿਤਾ ਦੀ ਅੱਖ ਦੇ ਤਾਰੇ,
ਹੋਏ ਇੰਝ ਸਿਆਣੇ।

ਇੰਦਰ ਸਿੰਘ ਦੇ ਦੋਵੇਂ ਬਾਲਾਂ,
ਜਿਸ ਦਮ ਹੋਸ਼ ਸੰਭਾਲੀ।
ਹਿੰਮਤ ਤੇ ਇਤਫਾਕ ਦੇ ਸਦਕੇ,
ਆਈ ਕੁਝ ਖ਼ੁਸ਼ਹਾਲੀ॥

ਉਨ੍ਹਾਂ ਦਿਨਾਂ ਵਿਚ ਛਿੜਿਆ ਹੈ ਸੀ,
ਡਾਢਾ ਯੁੱਧ ਆਜਾਦੀ
ਗਰਜ ਰਹੇ ਸਨ ਵਿਚ ਦੁਆਬੇ,
ਬਾਂਕੇ ਬੱਬਰ ਅਕਾਲੀ ।

ਕੋਟ ਫਤੂਹੀ ਗੜ੍ਹ ਬਬਰਾਂ ਦਾ,
ਲੱਗਣ ਲੱਗੇ ਮੇਲੇ ।
ਲੱਖਾਂ ਦੀ ਗਿਣਤੀ ਵਿੱਚ,
ਕੱਠੇ ਹੁੰਦੇ ਸਨ ਅਲਬੇਲੇ ।
ਹਰ ਸਾਲ ਇਸ ਨਗਰੀ ਅੰਦਰ,
ਹੁੰਦੀ ਰੌਣਕ ਭਾਰੀ,
ਰਾਗੀ ਢਾਡੀ ਗਾਉਂਦੇ ਵਾਰਾਂ,
ਪੁਜ ਕੇ ਅੰਮ੍ਰਿਤ ਵੇਲੇ ।

ਗੋਰਾ ਸ਼ਾਹੀ ਜ਼ੁਲਮ ਦੇ ਕਿੱਸੇ,
ਜਾਂਦੇ ਸਨ ਸੁਣਾਏ ;
ਲੋਕਾਂ ਦੇ ਦਿਲ ਨਾਲ ਅਣਖ ਦੇ,
ਜਾਂਦੇ ਸਨ ਭੜਕਾਏ ।
ਦੇਸ਼ ਧਰਮ ਦੀ ਖ਼ਾਤਰ ਆਗੂ,
ਮੰਗਦੇ ਸਨ ਕੁਰਬਾਨੀ,
ਸੁਣ ਸੁਣ ਕੇ ਤਕਰੀਰਾਂ ਲੋਕੀਂ,
ਸਨ ਜੋਸ਼ ਵਿਚ ਆਏ ।

ਮਸ ਫੁੱਟੀ ਤੇ ਚੜ੍ਹੀ ਜਵਾਨੀ,
ਕਰਮ ਸਿੰਘ ਦੇ ਤਾਈਂ ।
ਸਿਖੀ ਜਜਬਾ ਠਾਠਾਂ ਮਾਰੇ,
ਉਠਿਆ ਚਾਈਂ ਚਾਈਂ ।

ਦੇਸ਼ ਦੇ ਲੇਖੇ ਲਾ ਦਿਆਂ ਜੀਵਨ,
ਦਿਲ ਵਿਚ ਪੱਕੀ ਧਾਰੀ,
ਵੇਲਾ ਮੁੜ ਕੇ ਹੱਥ ਨਹੀਂ ਆਉਣਾ,
ਮਿਲਦਾ ਕਦੀ ਕਦਾਈਂ ।

ਜਦੋਂ ਫ਼ਰੰਗੀ ਓਛੇ ਹਥਿਆਰਾਂ,
ਤੇ ਉੱਤਰ ਆਇਆ ।
ਮਹਾਰਾਜਾ ਰਿਪੁੱਦਮਣ ਸਿੰਘ ਨੂੰ,
ਫੜ ਕੇ ਗਦੀਓਂ ਲਾਹਿਆ ।
ਇਹ ਰਾਜਾ ਸਿਖੀ ਦਾ ਆਸ਼ਕ,
ਨਾਭੇ ਦਾ ਸੀ ਵਾਲੀ,
ਇਸੇ ਲਈ ਸਾਰੇ ਸਿਖ ਜਗਤ ਨੇ,
ਡਾਢਾ ਰੋਸ ਮਨਾਇਆ ।

ਰੋਸ ਵਜੋਂ ਫਿਰ ਸਿੱਖ ਪੰਥ ਨੇ,
ਮਿਲ ਕੇ ਮਤਾ ਪਕਾਇਆ ।
ਜੈਂਗਸਰ ਦੇ ਅਸਥਾਨ ਤੇ ਜਾਵੇ,
ਅਖੰਡ ਪਾਠ ਰਖਵਾਇਆ ।
ਤਖ਼ਤ ਬਹਾਲੀ ਖ਼ਾਤਰ,
ਮਿਲ ਕੇ ਸਿੰਘ ਕਰਨ ਅਰਦਾਸਾਂ,
ਰੱਬ ਦਾ ਭਾਣਾ ਮਿੱਠਾ ਮੰਨ ਕੇ,
ਜਾਵੇ ਸ਼ੁਕਰ ਮਨਾਇਆ ।

ਮੌਕੇ ਦੇ ਜਰਵਾਣੇ ਹਾਕਮ,
ਡਾਢੇ ਸਨ ਹੰਕਾਰੀ ।
ਜੈਂਗਸਰ ਪੁੱਜ ਕੇ ਇਨ੍ਹਾਂ ਜ਼ਾਲਮਾਂ,
ਕਰੀ ਅਵੱਗਿਆ ਭਾਰੀ ।

ਸ੍ਰੀ ਅਖੰਡ ਪਾਠ ਨੂੰ ਖੰਡਿਤ,
ਜਾਣ ਬੁਝ ਕੇ ਕੀਤਾ,
ਰਾਜ-ਸੱਤਾ ਦੀ ਆਕੜ ਦੇ ਵਿਚ,
ਮੱਤ ਗਈ ਸੀ ਮਾਰੀ।

ਭਾਂਬੜ ਮੱਚਿਆ ਆਣ ਦਿਲਾਂ ਵਿਚ,
ਸੁਣ ਕੇ ਗੱਲ ਦੁਖਦਾਈ।
ਸ੍ਰੀ ਅਖੰਡ ਪਾਠ ਜਦ ਖੰਡਤ,
ਕੀਤਾ ਗੋਰਾ ਸ਼ਾਹੀ।
ਗੰਗਸਰ ਦੀ ਪਾਵਨ ਧਰਤੀ ਵਲ,
ਘੱਤੀਆਂ ਪੰਥ ਵਹੀਰਾਂ,
ਤਨ ਮਨ ਧੰਨ ਕੁਰਬਾਨ ਕਰਨ ਲਈ,
ਹੋਏ ਇਕੱਤਰ ਭਾਈ।

ਸ੍ਰੀ ਅਕਾਲ ਤਖ਼ਤ ਤੋਂ ਚਲੇ,
ਜਥਿਆਂ ਵਿਚ ਅਕਾਲੀ।
ਬੁੱਲ੍ਹਾਂ ਤੇ ਗੁਰਬਾਣੀ ਜਪਦੇ,
ਚਿਹਰਿਆਂ ਉਤੇ ਲਾਲੀ।
ਸਭ ਤਾਈਂ ਚਾਅ ਚੜ੍ਹੇ ਸ਼ਹੀਦੀ,
ਪਹਿਨ ਕੇਸਰੀ ਬਾਣੇ,
ਸਿੰਘ ਅਰਦਾਸਾ ਸੋਧ ਕੇ ਆਖਣ,
ਬਹੁੜ ਪੰਥ ਦੇ ਵਾਲੀ।

ਜੈਤੋ ਅੰਦਰ ਧਰਮ ਯੁਧ,
ਇੰਝ ਮੱਚਿਆ ਡਾਢਾ ਭਾਰੀ।
ਇਸ ਮੋਰਚੇ ਅੰਦਰ ਜਥੇ,
ਪੁੱਜਣ ਵਾਰੀ ਵਾਰੀ।

ਹਰ ਜ਼ਿਲੇ ਤੇ ਹਰ ਪਿੰਡ ਅੰਦਰ,
ਜੋਸ਼ ਮਾਰਦਾ ਠਾਠਾਂ,
ਕਲਗ਼ੀਧਰ ਦਸਮੇਸ਼ ਪਿਤਾ ਦੇ,
ਬੁੱਕੇ ਸਿੰਘ ਬਲਕਾਰੀ ।

ਸੱਤਵੇਂ ਸ਼ਹੀਦੀ ਜਥੇ ਦੇ ਅੰਦਰ,
ਕਰਮ ਸਿੰਘ ਅਣਖ਼ੀਲਾ ।
ਜੈਤੋ ਦੇ ਰਣਖੇਤਰ ਪੁਜਾ,
ਗੱਭਰੂ ਛੈਲ ਛਬੀਲਾ ।
ਇਥੇ ਪੁਜਣ ਸਾਰ ਜਥੇ ਨੂੰ,
ਲਗ ਗਈਆਂ ਹੱਥਕੜੀਆਂ,
ਨਾਲ ਜਥੇ ਦੇ ਕੈਦੀ ਬਣ ਕੇ,
ਤੁਰ ਪਿਆ ਹੱਠ ਹਠੀਲਾ ।

ਇਨ੍ਹਾਂ ਕੈਦੀਆਂ ਤਾਈਂ ਪੁਲਿਸ ਨੇ,
ਨਾਭਾ ਬੀੜ ਪਹੁੰਚਾਇਆ ।
ਭੁੱਖ ਨਿਭਾਣੇ ਕੈਦੀਆਂ ਉਤੇ,
ਰੱਜ ਰੱਜ ਕਹਿਰ ਕਮਾਇਆ ।
ਕੰਡਿਆਲੀਆਂ ਤਾਰਾਂ ਦੇ ਨਾਲ,
ਜੰਗਲ ਤਾਈਂ ਵਲ ਕੇ,
ਐਸੀ ਕਾਰਾਵਾਸ ਦੇ ਅੰਦਰ,
ਸਿੰਘਾਂ ਤਾਈਂ ਪਾਇਆ ।

ਝੱਖੜ ਮੀਂਹ ਹਨੇਰੀ ਸਿੰਘਾਂ ਨੇ,
ਹੱਸ ਹੱਸ ਸਿਰ ਤੇ ਝੱਲੇ ।
ਪਰ ਡਾਢੀ ਹੋਣੀ ਦੇ ਅਗੇ,
ਜ਼ੋਰ ਕੋਈ ਨਾ ਚੱਲੇ ।

ਸੀਤ ਰੇਤ ਦੇ ਟਿੱਬਿਆਂ ਅੰਦਰ,
ਚੱਲਣ ਸੀਤ ਹਵਾਵਾਂ,
ਰੂਪ ਧਾਰ ਕੇ ਸਰਦੀ ਰੁੱਤ ਨੇ,
ਆਣ ਦੁਆਰੇ ਮੱਲੇ ।

ਸਿਦਕੀ ਸਿੰਘ ਦੇ ਉਤੇ ਜਿਸ ਦਮ,
ਵਾਰ ਹੋਣੀ ਨੇ ਕੀਤਾ ।
ਸ਼ਮ੍ਹਾਂ ਆਜ਼ਾਦੀ ਦੇ ਪਰਵਾਨੇ,
ਜਾਮ ਸ਼ਹਾਦਤ ਪੀਤਾ ।
ਭਾਈ ਕਰਮ ਸਿੰਘ ਦੇ ਤਾਈਂ,
ਹੋਇਆ ਸਖ਼ਤ ਨਮੂਨੀਆ ।
ਨਾਮੁਰਾਦ ਬੀਮਾਰੀ ਨੇ ਇੰਝ,
ਕਟਿਆ ਜੀਵਨ ਫੀਤਾ ।

ਸਤਾਈ-ਦਸ-ਉੱਨੀ ਸੌ ਚੋਵੀ,
ਸੋਮਵਾਰ ਦਿਨ ਚੜ੍ਹਿਆ ।
ਕਰਮ ਸਿੰਘ ਨੂੰ ਪਾ ਗਲਵਕੜੀ,
ਹੋਣੀ ਨੇ ਆ ਫੜਿਆ ।
ਬਾਈ ਸਾਲੋਂ ਦੀ ਅਲੜ੍ਹ ਉਮਰੇ,
ਭਰ ਜੋਬਨ ਦੀ ਰੁੱਤੇ,
ਸਿੱਖ ਪੰਥ ਦੇ ਅੰਬਰ ਵਿਚੋਂ,
ਆਣ ਸਿਤਾਰਾ ਝੜਿਆ ।

ਜੈ ਜੈ ਕਾਰ ਹੋਈ ਜੱਗ ਤੇਰੀ,
ਕਰਮ ਸਿੰਘ ਬਲਵਾਨਾਂ ।
ਪਾ ਸ਼ਹਾਦਤ ਰੱਖ ਵਖਾਈਆਂ,
ਤੈਂ ਭਾਰਤ ਦੀਆਂ ਸ਼ਾਨਾਂ ।

ਅਮਰ ਸਿੰਘ ਦੇ ਨਿੱਕੇ ਵੀਰੇ,
ਪਾਈ ਅਮਰ ਸ਼ਹੀਦੀ,
'ਚਮਨ' ਤੇਰੀ ਹੈ ਧੰਨ ਕੁਰਬਾਨੀ,
ਗਾਵੇ ਕੌਮ ਤਰਾਨਾ ।

ਪਾ ਕੇ ਅਮਰ ਸ਼ਹੀਦੀ ਤਾਈਂ,
ਜੱਸ ਖਟਿਆ ਤੈਂ ਭਾਰੀ ।
ਧੰਨ ਸ਼ਹੀਦਾ ! ਤੇਰੀ ਸੋਭਾ,
ਗਾਵੇ ਹਰ ਨਰ ਨਾਰੀ ।
ਧੰਨ ਸੀ ਤੂੰ ਧੰਨ ਮਾਤ ਪਿਤਾ,
ਤੇ ਧੰਨ ਧਰਤੀ ਜਿਸ ਜਾਇਆ,
ਸ਼ਮ੍ਹਾ ਆਜ਼ਾਦੀ ਦੇ ਪਰਵਾਨੇ,
ਕਰਮ ਸਿੰਘ ਬਲਕਾਰੀ ।

ਅਸਲੀ ਜੀਵਨ ਮਾਰਗ

(ਚਾਰ ਰੁਬਾਈਆਂ)

ਕਿਉਂ ਰੋਨੈਂ ਤੂੰ ਹੱਸ ਵੇ ਅੜਿਆ ।
ਜੱਗ ਨੂੰ ਹੱਸਣਾ ਦੱਸ ਵੇ ਅੜਿਆ ।
ਘੜ ਸਕਨੈ ਤਕਦੀਰ ਤੂੰ ਆਪਣੀ,
'ਚਮਨ' ਤੇਰੇ ਹੈ ਵੱਸ ਵੇ ਅੜਿਆ ।

ਛੱਡ ਆਲਸ ਤੇ ਹਿੰਮਤ ਫੜ ਤੂੰ ।
ਉੱਨਤੀ ਦੇ ਪਰਬਤ ਤੇ ਚੜ੍ਹ ਤੂੰ ।
ਵਿਸ਼ੇ-ਵਿਕਾਰ ਜੋ ਰੋਕਣ ਰਾਹਾਂ,
'ਚਮਨ' ਇਨ੍ਹਾਂ ਸੰਗ ਡਟ ਕੇ ਲੜ ਤੂੰ ।

ਮਿੱਠੇ ਗੀਤ ਅਲਾਪ ਸਦਾ ਤੂੰ ।
ਰੱਖੀਂ ਮੇਲ-ਮਿਲਾਪ ਸਦਾ ਤੂੰ ।
ਗੁਣ ਚੰਗਿਆਈਆਂ ਕਰੀਂ ਪ੍ਰਾਪਤ,
ਰਹੀਂ ਨਿਮਾਣਾ ਆਪ ਸਦਾ ਤੂੰ ।

ਆਪਣਾ ਉੱਚ ਆਚਾਰ ਤੂੰ ਰੱਖੀਂ ।
ਇਹ ਨਾ ਕਮਲਿਆ ! ਮਿਲਦਾ ਲੱਖੀਂ ।
ਮੈਲੀ ਨਜ਼ਰ ਕਰੀਂ ਨਾ ਭੁੱਲ ਕੇ,
ਵੇਖ 'ਚਮਨ' ਜੱਗ ਸਾਰਾ ਅੱਖੀਂ ।